# ਮੇਰੇ ਬਾਰੇ

# ਮੇਰੇ ਬਾਰੇ

(ਗ਼ਜ਼ਲ ਸੰਗ੍ਰਹਿ)

ਜੱਗਦੀਪ

*Poetry/Punjabi Poetry/Gazal*

**Mere Bare**

*Gazals by*

**Jagdeep**

2009

Published by Lokgeet Parkashan

S.C.O. 26-27, Sector 34 A, Chandigarh-160022

India

Ph.0172-5077427, 5077428

Punjabi Bhawan Ludhiana, 98154-71219

Type Setting & Design PCIS

Printed & bound at Unistar Books (Printing Unit)

11-A, Industrial Area, Phase-2, Chandigarh (India)

98154-71219

*© 2009*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਉਸ ਰੌਸ਼ਨੀ ਨੂੰ

ਜੋ ਕਿਸੇ ਰੂਪ ਵਿਚ ਹਮੇਸ਼ਾ ਆਸ ਪਾਸ ਰਹੀ...

ਮੇਰੇ ਬਾਰੇ ਇਹ ਗ਼ਲਤਫ਼ਹਿਮੀਆਂ
ਜੋ ਦਿਲਾਂ ’ਚ ਪਾ ਕੇ ਚਲੇ ਗਏ
ਉਹ ਵੀ ਜਾਣਦੇ ਨੇ ਇਹ ਖੇਡ ਬਸ
ਮੇਰੇ ਨਾ ਆਉਣ ਤਕ ਦੀ ਬਾਤ ਹੈ

# ਬੁਲੰਦੀ ਵੱਲ ਵਧ ਰਿਹਾ ਸ਼ਾਇਰ

ਪਿਛਲੇ ਦਸ ਬਾਰਾਂ ਸਾਲਾਂ ਤੋਂ ਪੰਜਾਬੀ ਗ਼ਜ਼ਲ ਅਤੇ ਕਵਿਤਾ ਦੀ ਰੁਕ ਗਈ ਪ੍ਰਗਤੀ ਬਾਰੇ ਮੈਂ ਕਾਫ਼ੀ ਉਦਾਸ ਸੀ । ਪਰ ਪਿਛਲੇ 5-6 ਸਾਲਾਂ ਵਿਚ ਕੁਝ ਇਕ ਨਵੇਂ ਗ਼ਜ਼ਲਗੋਆਂ ਦੀਆਂ ਗ਼ਜ਼ਲਾਂ ਪੜ੍ਹ ਕੇ ਫੇਰ ਆਸ ਬੱਝੀ ਹੈ ਕਿ ਪੰਜਾਬੀ ਗ਼ਜ਼ਲ ਅਜੇ ਕਾਫ਼ੀ ਦੂਰ ਤਕ ਸਫ਼ਰ ਕਰੇਗੀ ।

ਨਵੇਂ ਗ਼ਜ਼ਲਗੋਆਂ ਵਿੱਚੋਂ ਮੈਂ ਜੱਗਦੀਪ ਦੀਆਂ ਗ਼ਜ਼ਲਾਂ ਪੜ੍ਹ ਕੇ ਬੜੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਪੰਜਾਬੀ ਗ਼ਜ਼ਲ ਦਾ ਰੁਕਿਆ ਹੋਇਆ ਵਿਕਾਸ ਫੇਰ ਆਰੰਭ ਹੋ ਗਿਆ ਹੈ ।

ਜੱਗਦੀਪ ਦੀਆਂ ਗ਼ਜ਼ਲਾਂ ਦਾ ਨਵੇਲਾ ਅਤੇ ਅਛੂਤਾਪਣ, ਉਸਦੀਆਂ ਗ਼ਜ਼ਲਾਂ ਵਿਚ 'ਮਾਂ' ਬਾਰੇ ਕਹੀਆਂ ਗਈਆਂ ਗ਼ਜ਼ਲਾਂ ਵਿਚ ਸ਼ਾਇਦ ਪਹਿਲੀ ਵਾਰੀ ਆਇਆ ਹੈ ਅਤੇ ਉਸਦੀ ਇਹ ਅਭਿਵਿਅਕਤੀ (**Expression**) ਲਾਜਵਾਬ ਅਤੇ ਬੇਮਿਸਾਲ ਹੈ :

ਕਰਦੀ ਉਡੀਕ ਮੇਰੀ ਅੰਮੀ ਸ਼ੁਦੈਣ ਹੋਈ
ਮਾਰਚ ਦੇ ਹਰ ਮਹੀਨੇ ਬੈਠਕ ਨੂੰ ਉਹ ਸਜਾਵੇ

ਹੱਥਾਂ 'ਚੋਂ ਗਿਰਿਆ ਪੇੜਾ, ਕੁਰਲਾ ਰਿਹਾ ਏ ਕਾਂ ਵੀ
ਦਿਲ ਠਹਿਰ ਠਹਿਰ ਜਾਵੇ, ਗੱਡੀ ਦੀ 'ਵਾਜ਼ ਆਵੇ

ਗੁੜ ਰਖ ਗਿਆ ਤਲੀ 'ਤੇ, ਸੁਪਨੇ 'ਚ ਮੇਰੇ ਆ ਕੇ
ਮਾਂ ਦੀ ਉਡੀਕ ਬੋਲੀ, ਖ਼ਬਰੇ ਉਹ ਆ ਹੀ ਜਾਵੇ

ਆਪਣੇ ਦਿਲਦਾਰ ਦੀ ਉਡੀਕ ਵਿਚ ਤਾਂ ਫ਼ਾਰਸੀ-ਉਰਦੂ ਅਤੇ ਪੰਜਾਬੀ ਵਿਚ ਬੇਸ਼ੁਮਾਰ ਸ਼ਿਅਰ ਮਿਲ ਜਾਂਦੇ ਹਨ ਪਰ ਮਾਂ ਬਾਰੇ ਨਾਂਹ ਦੇ ਬਰਾਬਰ ਹੀ ਮਿਲਦੇ ਹਨ । ਇਸ ਪੱਖੋਂ ਜੱਗਦੀਪ ਦੇ ਅਜਿਹੇ ਸ਼ਿਅਰ ਬਿਲਕੁਲ ਨਵੇਂ ਹਨ ।

ਮਾਂ ਬਾਰੇ ਸ਼ਿਅਰ ਕਹਿੰਦਿਆਂ ਉਸਨੇ ਪੁਰਾਤਨ ਰਹੁ-ਰੀਤਾਂ ਦਾ ਜ਼ਿਕਰ ਵੀ ਕੀਤਾ ਹੈ :

ਕੀ ਕੋਈ ਬੂਟੀ ਮੇਰੇ ਵੀ ਨਾਮ ਦੀ ਪਾਉਂਦੀ ਏ ਮਾਂ ?
ਇਕ ਸਿਤਾਰਾ ਸਾਂਝੀ ਵਿਚ ਅਜ ਵੀ ਮੇਰਾ ਲਾਉਂਦੀ ਏ ਮਾਂ ?

ਕੀ ਅਜੇ ਵੀ ਰੱਖੜੀ ਦੇ ਦਿਨ ਘਰੇ ਆਉਂਦੀ ਏ ਭੈਣ
ਝਕਰੀਆਂ ਨੂੰ ਅੱਜ ਵੀ ਛੁਪ ਛੁਪ ਉਵੇਂ ਰੋਂਦੀ ਏ ਮਾਂ ?

ਨਾਂ ਮੇਰਾ ਸੁਣ ਕੇ ਭਤੀਜੇ ਦੀ ਜ਼ੁਬਾਨੋਂ ਅੱਜ ਵੀ
ਲਗ ਗਲੇ ਭਾਬੀ ਦੇ ਭੁੱਬਾਂ ਮਾਰ ਕੇ ਰੋਂਦੀ ਏ ਮਾਂ ?

ਉਪਰੋਕਤ ਸ਼ਿਅਰ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹ ਦਾ ਸ਼ਿਅਰ ਹੈ ਜੋ ਹਰ ਮਾਂ ਆਪਣੇ ਦੇਸ ਜਾਂ ਪਰਦੇਸ ਗਏ ਪੁੱਤਾਂ ਬਾਰੇ ਕਹਿ ਰਹੀ ਪ੍ਰਤੀਤ ਹੁੰਦੀ ਹੈ ।ਅਸਲ ਵਿਚ ਇਹ ਪੂਰੀ ਗ਼ਜ਼ਲ ਹੀ ਮਾਂ ਦੀਆਂ ਖ਼ਾਅਬਮਈ ਰੀਝਾਂ ਦੀ ਅਭਿਵਿਅਕਤੀ ਕਰ ਰਹੀ ਹੈ ।

ਮੈਂ ਆਪਣੀ ਮਾਂ ਬਾਰੇ ਕਵਿਤਾਵਾਂ ਤਾਂ ਲਿਖੀਆਂ ਹਨ ਪਰ ਗ਼ਜ਼ਲਾਂ ਨਹੀਂ ਕਹਿ ਸਕਿਆ।ਇਹ ਕਮਾਲ ਮੈਂ ਜੱਗਦੀਪ ਦੀਆਂ ਗ਼ਜ਼ਲਾਂ ਵਿਚ ਤੇ ਇਕ ਦੋ ਥਾਈਂ ਕੁਲਵਿੰਦਰ ਯੂ. ਐਸ. ਏ. ਦੀਆਂ ਗ਼ਜ਼ਲਾਂ ਵਿਚ ਹੀ ਵੇਖਿਆ ਹੈ ।

ਉਸਦੇ ਸਾਦ ਮੁਰਾਦੇ ਸ਼ਿਅਰਾਂ ਵਿਚ ਵੀ ਬੜੀ ਡੂੰਘਾਈ ਹੈ । ਜਿਵੇਂ :

ਚੇਤ ਵੀ ਮਾਯੂਸ ਹੋ ਜਾਂਦਾ ਇਕੇਰਾਂ
ਸਾਡੇ ਲੋਕਾਂ ਦੇ ਘਰਾਂ ਅੰਦਰ ਉਤਰ ਕੇ

ਉਪਰੋਕਤ ਸ਼ਿਅਰ **Unsaid Imagination** ਦਾ ਬੇਹਤਰੀਨ ਨਮੂਨਾ ਹੈ । ਸੋਚਣ ਵਾਲੀ ਗੱਲ ਇਹ ਹੈ ਕਿ ਉਹ ਚੇਤਰ ਜਿਹੜਾ ਬਹਾਰ ਦੇ ਆਗ਼ਾਜ਼, ਰੁੱਖਾਂ ਦੀ ਫ਼ਸਲ ਦੀ ਰੌਣਕ, ਕਣਕਾਂ ਦੀ ਆਮਦ ਅਤੇ ਖ਼ੂਬਸੂਰਤੀ ਦਾ ਮਾਹੌਲ ਲੈ ਕੇ ਆਉਂਦਾ ਹੈ, ਕਿਉਂ ਉਦਾਸ ਹੋ ਜਾਂਦਾ ਹੈ । ਕਮਾਲ ਇਹ ਹੈ ਕਿ ਜੱਗਦੀਪ ਦੀ ਉਮਰ ਬੜੀ ਨਿੱਕੀ ਛੋਟੀ ਹੈ ਪਰ ਕੀਟਸ ਵਾਂਗ ਨਿੱਕੀ ਉਮਰ ਦਾ ਉਹ ਬੜਾ ਹੀ ਹੱਸਾਸ ਅਤੇ ਅਨੁਭਵੀ ਕਵੀ ਹੋ ਨਿਬੜਿਆ ਹੈ । ਉਸਦੇ ਕੁਝ ਸ਼ਿਅਰ ਵੇਖੋ :

ਔੜ ਮਾਰੀ ਅੱਖ ਨੂੰ ਕੁਝ ਦੇਰ ਹੀ ਤਰ ਰਹਿਣ ਦੇ
ਜਾਣ ਵੇਲੇ ਮਿਲਣ ਦਾ ਅੱਖਾਂ 'ਚ ਮੰਜ਼ਰ ਰਹਿਣ ਦੇ

ਜਾ ਰਿਹਾ ਏਂ ਰੰਗ ਸਾਰੇ ਲੈ ਕੇ ਅਪਣੇ ਨਾਲ ਹੀ
ਘਰ ਜਿਹੀ ਸ਼ੈ ਕੋਈ ਇਸ ਘਰ ਦੇ ਵੀ ਅੰਦਰ ਰਹਿਣ ਦੇ

ਮੈਂ ਸਾਰੀ ਉਮਰ ਹੀ ਉਸ ਚੌਕ ’ਤੇ ਖੜ੍ਹ ਕੇ ਬਿਤਾ ਦਿੱਤੀ
ਸਿਰਫ਼ ਏਸੇ ਤਵੱਕੋਂ ਵਿਚ ਕਿ ਸ਼ਾਇਦ ਉਹ ਸਦਾ ਦੇਵੇ

ਕੋਈ ਬਖ਼ਸ਼ਿਸ਼ ਅਵੱਲੀ ਲੱਗਦੀ ਏ ਮੈਨੂੰ ਉਸ ’ਤੇ ਜੋ
ਉਹ ਛੂਹ ਕੇ ਜ਼ਰਦ ਪੱਤੀ ਨੂੰ ਬਸੰਤੀ ਫੁੱਲ ਬਣਾ ਦੇਵੇ

ਸਿਖਾਇਆ ਮੈਂ ਹੀ ਸੀ ਅਪਣੇ ਪਰਾਂ ’ਤੇ ਉਡਣਾ ਉਸਨੂੰ
ਮਗਰ ਉਡਿਆ ਜਦੋਂ ਫਿਰ ਮੇਰੇ ਤੋਂ ਹੀ ਜਰ ਨਹੀਂ ਹੋਇਆ

ਉਹ ਬਾਲਾਂ ਦੇ ਸਿਰਾਂ ’ਤੇ ਹੱਥ ਰਖਦਾ ਆਮ ਦੇਖੀਦਾ
ਪਤਾ ਨੀ ਏਸ ਉਮਰੇ ਕੌਣ ਉਸ ਤੋਂ ਵਿਛੜਿਆ ਹੋਣਾ

ਉਸਦੀ ਜਵਾਨੀ ਦਾ ਭਾਵੇਂ ਆਰੰਭ ਹੀ ਹੋਇਆ ਹੈ ਪਰ ਉਸਦੇ ਰੁਮਾਂਟਿਕ ਸ਼ਿਅਰ ਵੀ ਖ਼ੂਬ ਹਨ। ਗ਼ਾਲਿਬ ਨੇ ਆਪਣੇ ਸ਼ਿਅਰਾਂ ਵਿਚ ਜਿਸ ਸਾਦਗੀ–ਓ–ਪੁਰਕਾਰੀ ਵੱਲ ਸੰਕੇਤ ਕੀਤਾ ਹੈ ਉਹ ਜੱਗਦੀਪ ਦੀ ਸ਼ਿਅਰਾਂ ਵਿਚ ਵੀ ਵੇਖੀ ਜਾ ਸਕਦੀ ਹੈ :

ਹਰ ਇੱਕ ਸ਼ੈ ਦੇ ਅੰਦਰ, ਖ਼ੁਸ਼ਬੂ ਵਸੀ ਸੀ ਤੇਰੀ
ਮੈਂ ਚੈਨ ਲੱਭਦੇ ਨੇ ਕਿੰਨੇ ਮਕਾਨ ਬਦਲੇ

ਜਿਸਦੀ ਭਾਲ ਰਹੀ ਉਹ ਮੰਜ਼ਿਲ ਹੀ ਨਾ ਮਿਲੀ
ਹੁਣ ਤਾਂ ਬਸ ਰਸਤਾ ਵੀ ਮੁੱਕਣ ਲੱਗਾ ਏ

ਘੁੰਮ ਗਏ ਦਿਨ ਪੁਰਾਣੇ ਮੇਰੇ ਮੁਹਰਿਓਂ
ਕਲ੍ਹ ਪੁਰਾਣੇ ਜਦੋਂ ਮੁੜ ਤੇਰੇ ਖ਼ਤ ਪੜ੍ਹੇ

ਅੱਕਾਂ ਨੂੰ ਲਗਾਉਂਦੇ ਨੇ ਇਹ ਵਾੜ ਗ਼ੁਲਾਬਾਂ ਦੀ
ਯਾਰਾ ਇਹ ਤੂੰ ਮੈਨੂੰ, ਲੈ ਕੈਸੇ ਨਗਰ ਆਇਆ

ਬੜੇ ਹੀ ਪ੍ਰਸਿੱਧ ਅਤੇ ਚੋਟੀ ਦੇ ਸ਼ਾਇਰਾਂ 'ਤੇ ਅੱਜ ਇਹ ਇਲਜ਼ਾਮ ਆਮ ਲੱਗ ਰਿਹਾ ਹੈ ਕਿ ਇਨ੍ਹਾਂ ਸ਼ਾਇਰਾਂ ਦੀ ਗ਼ਜ਼ਲਾਂ ਬੇਵਜ਼ਨ ਹਨ ਪਰ ਜੱਗਦੀਪ ਦੀਆਂ ਗ਼ਜ਼ਲਾਂ ਵਿਚ ਇਹ ਐਬ ਨਾਮ-ਮਾਤਰ ਹੀ ਹੈ ।

ਜੱਗਦੀਪ ਦੀਆਂ ਗ਼ਜ਼ਲਾਂ ਵਿਚ ਜੂਝ ਰਹੇ ਲੋਕਾਂ ਬਾਰੇ ਬੜੇ ਹੀ ਘੱਟ ਸ਼ਿਅਰ ਹਨ, ਪਰ ਜਿਹੜੇ ਹਨ ਉਹ ਬਾਕਮਾਲ ਹਨ :

ਰਖ ਲਿਆ ਤੂੰ ਹਨੇਰੇ 'ਚ ਸਾਨੂੰ ਬੜਾ
ਹੁਣ ਕਿਸੇ ਕਲਮ ਵਿਚ ਸਾਡਾ ਵਿਸ਼ਵਾਸ ਨਾ
ਫ਼ੈਸਲਾ ਹੈ ਕਿ ਹੁਣ ਤੇਗ਼ ਦੇ ਦਮ 'ਤੇ ਹੀ
ਆਪ ਅਪਣੇ ਮੁਕੱਦਰ ਬਣਾਉਣੇ ਅਸੀਂ

ਅਜਿਹੇ ਉਚ ਪਾਏ ਦੇ ਕਮਾਲ ਦੇ ਸ਼ਿਅਰ ਕਹਿਣਾ ਉਸਦੀ ਬੁਲੰਦੀ ਅਤੇ ਸੂਝ ਦੀ ਨਿਸ਼ਾਨੀ ਹੈ ।ਉਸਦੀ ਸਾਦਗੀ-ਓ-ਪੁਰਕਾਰੀ ਭਰੀ ਸ਼ਾਇਰੀ ਪੜ੍ਹ ਕੇ ਉਸਦੀ ਸੋਚ ਅਤੇ ਖ਼ਾਸ ਕਰਕੇ ਅਨੁਭਵ ਦੀ ਦਾਦ ਦੇਣੀ ਬਣਦੀ ਹੈ ।

ਜੱਗਦੀਪ ਦਾ ਅਨੁਭਵ ਖ਼ੂਬ ਹੀ ਨਹੀਂ ਖ਼ੂਬਤਰ ਹੈ । ਉਸਨੂੰ ਸ਼ਿਅਰਾਂ ਵਿਚ ਲਫ਼ਜ਼ ਬੀੜਨ ਅਤੇ ਅਰਥਚਾਰੇ ਦਾ ਪੂਰਾ ਪੂਰਾ ਗਿਆਨ ਹੈ ।

ਮੈਨੂੰ ਯਕੀਨ ਹੀ ਨਹੀਂ ਵਿਸ਼ਵਾਸ ਹੈ ਕਿ ਉਸਦੀਆਂ ਗ਼ਜ਼ਲਾਂ ਦੀ ਅਭਿਵਿਅਕਤੀ, ਬੁਲੰਦੀ, ਗ਼ਹਿਰਾਈ ਅਤੇ ਤੀਬਰ ਅਨੁਭੂਤੀ ਸਮਕਾਲੀਆਂ ਅਤੇ ਪੂਰਬ-ਸਮਕਾਲੀਆਂ ਵਿਚ ਛੇਤੀ ਹੀ ਵਿਸ਼ੇਸ਼ ਥਾਂ ਪ੍ਰਾਪਤ ਕਰ ਲਵੇਗੀ ।

ਜਿਸ ਲੋਕ-ਦਰਦ ਦੀ ਉਸਦੀਆਂ ਗ਼ਜ਼ਲਾਂ ਵਿਚ ਅਜੇ ਘਾਟ ਹੈ, ਉਮੀਦ ਹੈ ਉਹ ਵੀ ਉਹ ਛੇਤੀ ਹੀ ਪੂਰੀ ਕਰ ਲਵੇਗਾ ।

ਦਸੰਬਰ, 2009 ਜਗਤਾਰ

*

ਪਰੇ ਜੋ ਹੋ ਗਿਆ ਅੱਖਾਂ ਤੋਂ, ਦਿਲ ਤੋਂ ਕਰ ਨਹੀਂ ਹੋਇਆ
ਉਹ ਐਸਾ ਜ਼ਖ਼ਮ ਹੈ ਜੋ ਉਮਰ ਸਾਰੀ ਭਰ ਨਹੀਂ ਹੋਇਆ

ਮੇਰੇ ਹੋਠਾਂ 'ਤੇ ਤਾਲੇ ਲਗ ਗਏ ਉਸ ਹਾਦਸੇ ਮਗਰੋਂ
ਤੇ ਕਿਹੜਾ ਹਾਦਸਾ ਫਿਰ ਮੇਰੇ ਦਿਲ ਅੰਦਰ ਨਹੀਂ ਹੋਇਆ

ਸਿਖਾਇਆ ਮੈਂ ਹੀ ਸੀ ਅਪਣੇ ਪਰਾਂ 'ਤੇ ਉਡਣਾ ਉਸਨੂੰ
ਮਗਰ ਉਡਿਆ ਜਦੋਂ ਫਿਰ ਮੇਰੇ ਤੋਂ ਹੀ ਜਰ ਨਹੀਂ ਹੋਇਆ

ਪਰੋਇਆ ਵੀ, ਮਸਲਿਆ ਵੀ, ਅਸੀਂ ਜੋ ਕਰ ਸਕੇ, ਕੀਤਾ
ਕਿਸੇ ਫੁਲ ਦਾ ਕਲੇਜਾ ਪਰ ਕਦੇ ਪੱਥਰ ਨਹੀਂ ਹੋਇਆ

ਜ਼ੁਬਾਂ ਤਾਂ ਬਾਂਝ ਸਭ ਦੀ ਹੋ ਗਈ ਤੇਰੀ ਹਕੂਮਤ ਵਿਚ
ਜ਼ਿਹਨ ਪਰ ਹੈ ਜ਼ਿਹਨ ਤੇ ਜ਼ਿਹਨ ਕੋਈ ਬੰਜਰ ਨਹੀਂ ਹੋਇਆ

ਮੈਂ ਸਾਰੀ ਉਮਰ ਬਸ ਇੰਝ ਹੀ ਖਲਾਵਾਂ ਲੇਖੇ ਲਾ ਦਿੱਤੀ
ਮੇਰੀ ਧਰਤੀ ਨਹੀਂ ਹੋਈ, ਮੇਰਾ ਅੰਬਰ ਨਹੀਂ ਹੋਇਆ

*

ਉਸਦੀ ਸੁਹਬਤ 'ਚੋਂ ਅਜਬ ਹੀ ਆਸਰਾ ਮਿਲਿਆ
ਉਹ ਜਦੋਂ ਵੀ ਮਿਲਿਆ ਹੈ ਬਣ ਕੇ ਖ਼ੁਦਾ ਮਿਲਿਆ

ਭਟਕਦਾ ਮੈਂ ਵੀ ਰਿਹਾ ਫਿਰ ਉਮਰ ਭਰ ਤਨਹਾ
ਮੇਰੇ ਪਿੱਛੋਂ ਉਸਨੂੰ ਵੀ ਕੋਈ ਹੋਰ ਨਾ ਮਿਲਿਆ

ਰਸਤੇ ਤਕ ਉਕਰੇ ਗਏ ਨੇ ਜ਼ਿਹਨ ਵਿਚ ਮੇਰੇ
ਪਰ ਅਜੇ ਤਕ ਵੀ ਨਾ ਤੇਰਾ ਥਹੁ ਪਤਾ ਮਿਲਿਆ

ਬਸ ਦੁਪੱਟਾ ਰਹਿ ਗਿਆ ਕੁਝ ਸੂਟ ਤੋਂ ਫਿੱਕਾ
ਰੰਗ ਫਿਰ ਵੀ ਮਿਲ ਗਿਆ ਪਰ ਸ਼ੇਡ ਨਾ ਮਿਲਿਆ

ਹਰ ਕਲੀ ਦੇ ਹੀ ਬਦਨ ਅੰਦਰ ਰਿਹਾ ਲੱਥਦਾ
ਫੇਰ ਵੀ ਉਸਨੂੰ ਪਤਾ ਨਾ ਮਹਿਕ ਦਾ ਮਿਲਿਆ

✻

ਹੁੰਦਾ ਯਕੀਨ ਉਸਨੂੰ, ਕੋਈ ਯਕੀ' ਦਿਲਾਵੇ
ਉਸਦੇ ਘਰੋਂ ਵੀ ਸੁਣਿਆ, ਮੌਲੀ ਦੀ ਮਹਿਕ ਆਵੇ

ਚਾਅਵਾਂ ਦੇ ਨਾਲ ਆਏ ਸੌ ਫ਼ਿਕਰ ਵੀ ਉਮਡ ਕੇ
ਗੁੜ੍ਹਤੀ ਦਿਲਾ ਤਾਂ ਦਿੱਤੀ ਪਰ ਮੇਰੇ 'ਤੇ ਨਾ ਜਾਵੇ

ਕਰਦੀ ਉਡੀਕ ਮੇਰੀ ਅੰਮੀ ਸ਼ੁਦੈਣ ਹੋਈ
ਮਾਰਚ ਦੇ ਹਰ ਮਹੀਨੇ ਬੈਠਕ ਨੂੰ ਉਹ ਸਜਾਵੇ

ਹੱਥਾਂ 'ਚੋਂ ਗਿਰਿਆ ਪੇੜਾ, ਕੁਰਲਾ ਰਿਹਾ ਏ ਕਾਂ ਵੀ
ਦਿਲ ਠਹਿਰ ਠਹਿਰ ਜਾਵੇ, ਗੱਡੀ ਦੀ 'ਵਾਜ਼ ਆਵੇ

ਗੁੜ ਰਖ ਗਿਆ ਤਲੀ 'ਤੇ ਸੁਪਨੇ 'ਚ ਮੇਰੇ ਆ ਕੇ
ਮਾਂ ਦੀ ਉਡੀਕ ਬੋਲੀ, 'ਖ਼ਬਰੇ ਉਹ ਆ ਹੀ ਜਾਵੇ'

✵

ਮੈਂ ਕਦੋਂ ਇਹ ਆਖਦਾਂ ਉਹ ਘਰ ਬੁਰਾ ਸੀ
ਪਰ ਤੇਰੇ ਤੁਰ ਜਾਣ ਦਾ ਮੰਜ਼ਰ ਬੁਰਾ ਸੀ

ਗਿਰਦ ਅਪਣੇ ਭਰਮ ਦੀ ਦੀਵਾਰ ਵੀ ਸੀ
ਕੁਝ ਕੁ ਅਪਣੀ ਸੋਚ ਦਾ ਅੰਤਰ ਬੁਰਾ ਸੀ

ਬਹਿੰਦੇ ਆਹਮੋ-ਸਾਹਮਣੇ ਗਲ ਨਿਬੜ ਜਾਂਦੀ
ਅੰਦਰ-ਅੰਦਰ ਖ਼ੌਲਦਾ ਸਾਗਰ ਬੁਰਾ ਸੀ

ਖ਼ੂਬ ਸੀ ਆਗ਼ਾਜ਼ ਉਸ ਰਿਸ਼ਤੇ ਦਾ ਬੇਸ਼ਕ
ਇੱਕ ਸਚ ਪਰ ਇਹ ਵੀ ਹੈ, ਆਖ਼ਰ ਬੁਰਾ ਸੀ

ਯਾਦ ਰੰਗਾਂ ਦੀ ਜੋ ਲੈ ਆਉਂਦਾ ਸੀ ਨਾਲ
ਉਤਰਦਾ ਵਿਹੜੇ 'ਚ ਉਹ ਚੇਤਰ ਬੁਰਾ ਸੀ

✡

ਬਿੰਦ ਝਟ ’ਚ ਹੀ ਦੁਨੀਆਂ ਦੀਆਂ ਅੱਖਾਂ ’ਚ ਆਇਆ ਸੀ
ਚੜ੍ਹਦੀ ਵਰੇਸ ਉਸਨੇ ਇਕੇਰਾਂ ਸੁਰਮਾ ਪਾਇਆ ਸੀ

ਜੋ ਮੁੜ ਗਿਆ ਉਸ ਨਾਲ ਬੈਠਾ ਵੇਖ ਕੇ ਮੈਨੂੰ
ਮੈਂ ਜਾਣਦਾ ਕੀ ਮੇਰੇ ਬਾਰੇ ਕਹਿਣ ਆਇਆ ਸੀ

ਉਹ ਕੈਸੀ ਮਾਂ ਹੋਏਗੀ ਜਿਸ ਨੇ ਆਪਣੀ ਹੀ ਧੀ ਨੂੰ
ਗੁੜ੍ਹਤੀ ਸਮੇਂ ਗੁੜ ਦੀ ਜਗ੍ਹਾ ਮੋਹਰਾ ਚਟਾਇਆ ਸੀ

ਇਕ ਸ਼ਹਿਰ ਮੁੱਦਤਾਂ ਤੋਂ ਮੇਰੇ ਦਿਲ ’ਚ ਵਸ ਰਿਹਾ
ਇੱਥੇ ਕਦੇ ਮੈਂ ਹਫ਼ਤੇ ਭਰ ਲਈ ਰਹਿਣ ਆਇਆ ਸੀ

ਕਿਉਂ ਕਰ ਪਤਾ ਨਾ ਹੁੰਦਾ ਉਸਨੂੰ ਮੁੱਲ ਛਾਵਾਂ ਦਾ
ਧੁੱਪਾਂ ’ਚ ਨੰਗੇ ਪੈਰੀਂ ਜਿਹੜਾ ਚਲ ਕੇ ਆਇਆ ਸੀ

ਅਕਸਰ ਉਦਾਸ ਬੈਠਾ ਉਥੇ ਵੇਖਿਆ ਗਿਆ
ਉਹ ਜਿੱਥੇ ਜਾਂਦੀ ਵਾਰ ਮੈਨੂੰ ਮਿਲਣ ਆਇਆ ਸੀ

✵

ਮੇਰੇ ਹੀ ਵਾਂਗ ਤਨਹਾ, ਗੁੰਮਸ਼ੁਦਾ, ਬੇਆਸਰਾ ਹੋਣਾ
ਪਤਾ ਏ, ਰਾਸ ਉਸਨੂੰ ਵੀ ਨਹੀਂ ਆਇਆ ਜੁਦਾ ਹੋਣਾ

ਗਿਆ ਹੋਣਾ ਜਦੋਂ ਵੀ ਛੁੱਟੀਆਂ ਵਿਚ ਪਿੰਡ ਨੂੰ ਅਪਣੇ
ਲਗਾ ਕੇ ਘਰ ਦੀ ਤਨਹਾਈ ਗਲੇ ਉਹ ਰੋ ਪਿਆ ਹੋਣਾ

ਇਹ ਮੈਂ ਹੀ ਭਟਕਦਾ ਹਾਂ ਰਸਤਿਆਂ ਦੇ ਜੰਗਲਾਂ ਅੰਦਰ
ਮਗਰ ਉਸ ਨੂੰ ਤਾਂ ਰਸਤਾ ਬਹੁਤ ਚਿਰ ਦਾ ਮਿਲ ਗਿਆ ਹੋਣਾ

ਬੜੀ ਢਾਰਸ ਰਹੀ ਮੈਨੂੰ ਮੇਰੇ ਇਸ ਭਰਮ ਪਾਲੇ ਦੀ
'ਵਿਦਾਈ ਦੇ ਸਮੇਂ ਤੂੰ ਪਰਤ ਕੇ ਤਾਂ ਵੇਖਿਆ ਹੋਣਾ'

ਨਹੀਂ ਨਿਰਮੋਹੀ ਏਨਾ ਵੀ ਕਿ ਜਿੰਨਾ ਸਮਝਿਆ ਏ ਮੈਂ
ਕਦੇ ਤਾਂ ਦਿਨ ਪੁਰਾਣੇ ਯਾਦ ਕਰ ਕੇ ਤੜਪਿਆ ਹੋਣਾ

ਉਹ ਬਾਲਾਂ ਦੇ ਸਿਰਾਂ 'ਤੇ ਹੱਥ ਰਖਦਾ ਆਮ ਦੇਖੀਦਾ
ਪਤਾ ਨੀ ਏਸ ਉਮਰੇ ਕੌਣ ਉਸ ਤੋਂ ਵਿਛੜਿਆ ਹੋਣਾ

ਜੇ ਮੁਸ਼ਕਿਲ ਸੀ ਬਹੁਤ ਉਸਦੇ ਲਈ ਮੈਨੂੰ ਵਿਦਾ ਕਰਨਾ
ਅਸੰਭਵ ਉਸ ਸਮੇਂ ਮੇਰੇ ਲਈ ਵੀ ਸੀ ਜੁਦਾ ਹੋਣਾ

ਨਹੀਂ ਮੇਰੀ ਤਰ੍ਹਾਂ ਨਾਦਾਨ ਤਾਂ ਲਗਦਾ ਨਹੀਂ ਏ ਉਹ
ਵਿਛੜ ਕੇ ਕਿਸ ਜਗ੍ਹਾ ਜਾਏਗਾ ਕੁਝ ਤਾਂ ਸੋਚਿਆ ਹੋਣਾ

✼

ਪਿੰਡ ਦੀ ਗਲਬਾਤ ਕੋਈ ਦੋਸਤਾ ਆ ਕੇ ਸੁਣਾ ।
ਕਿਸ ਤਰ੍ਹਾਂ ਦੀ ਰਾਤ ਉਸਦੀ ਦਿਨ ਕਿਵੇਂ ਦਾ ਹੋ ਗਿਆ?

ਕੀ ਅਜੇ ਵੀ ਉਸ ਤਰ੍ਹਾਂ ਹੀ 'ਸ਼ਰਮਾ ਜੀ' ਦਾ ਪੋਤਰਾ,
ਛੁਪ-ਛੁਪਾ ਕੇ ਸਿੱਖਦਾ ਏ ਰਾਮ ਸਿਹੁੰ ਤੋਂ ਚਾਦਰਾ?

ਵਰਕਿਆਂ ਵਿਚ ਪਈ ਮਿਲੇ ਵਿਦਿਆ ਪੜ੍ਹਾਈ ਆਮ ਹੀ,
ਕੀ ਪਵਿੱਤਰ ਹੈ ਉਵੇਂ ਹੀ ਖੰਭ ਅਜ ਵੀ ਮੋਰ ਦਾ?

ਕੀ ਬਣੀ ਪੰਚੈਤ ਜਾਂ ਫਿਰ ਬਣ ਗਈ ਚੌਂਕੀ ਕੋਈ,
ਜਾਂ ਉਵੇਂ ਹੀ ਡਾਂਗ ਦੇ ਬਲ ਹੋ ਰਿਹਾ ਏ ਫ਼ੈਸਲਾ?

ਕਰ ਲਈ ਹੈ ਮੂੰਹ-ਜ਼ੁਬਾਨੀ ਯਾਦ ਬਾਣੀ ਭਾਈ ਨੇ,
ਚਲ ਰਿਹਾ ਏ ਜਾਂ ਪੁਰਾਣਾ ਹੀ ਤਰੀਕਾ ਪਾਠ ਦਾ?

ਕੀ ਅਜੇ ਵੀ ਚੌਧਰੀ ਤੇ ਲੰਬੜਾਂ ਦੇ ਲਾਣੇ ਦਾ,
ਮਾਘ ਦੇ ਮੇਲੇ 'ਚ ਲਾਲੀ ਪਿੱਛੇ ਹੁੰਦੈ ਟਾਕਰਾ?

ਕੀ ਅਜੇ ਵੀ ਜਸ਼ਨ ਦਾ ਬਣ ਜਾਂਦਾ ਏ ਪੂਰਾ ਮਹੌਲ,
ਲੈ ਕੇ ਛੁੱਟੀ ਜਦ ਸਿਪਾਹੀ ਪਿੰਡ ਵਿਚ ਹੈ ਪਰਤਦਾ?

ਕੀ ਅਜੇ ਤਕ ਵੀ ਸਠਾਣੀ ਦੇ ਲਈ 'ਮਿੰਨ੍ਹਾ ਝਿਊਰ',
ਸ਼ੁੱਧ ਖੋਏ ਦੀ ਸਪੈਸ਼ਲ ਹੈ ਮਿਠਾਈ ਭੇਜਦਾ

ਕੀ ਕਿਨਾਰੇ ਲਗ ਗਿਐ ਮੈਰਿਜ਼ ਬਿਓਰੋ ਵਾਲਾ ਆਪ,
ਜਾਂ ਅਜੇ ਤਕ ਲਭ ਰਿਹਾ ਏ ਸਾਕ ਅਪਣੇ ਨਾਪ ਦਾ?

ਹੁਣ ਵੀ ਮਿਲਦੇ-ਮਿਲਦੇ ਦੋ ਦਿਲ ਵਿਛੜ ਜਾਂਦੇ ਹੋਣਗੇ
ਮਾਪਿਆਂ ਦੇ ਫ਼ੈਸਲੇ ਦਾ ਹੁਣ ਵੀ ਕੋਈ ਹੱਲ ਨਾ?

ਅੱਜ ਵੀ ਮੇਰੀ ਤਰ੍ਹਾਂ ਕੋਈ ਘਰਦਿਆਂ ਤੋਂ ਅਖ ਬਚਾ,
ਗੁਰਦੁਆਰੇ ਦੇ ਚੁਬਾਰੇ ਵਿਚ ਕਬੂਤਰ ਪਾਲਦਾ?

✱

ਮਿਲਣ ਆਇਐਂ ਚਲ ਸੁਣਾ ਫਿਰ ਪਿੰਡ ਦੀ ਕੋਈ ਬਾਤ ਹੀ
ਚਹਿਕਦੀ ਓਵੇਂ ਸੁਬ੍ਹਾ ਕੀ ਸ਼ਾਮ ਓਵੇਂ ਮਹਿਕਦੀ ?

ਬ੍ਰੋੜਾਂ ਥੱਲੇ ਜੁੜਦੀਆਂ ਨੇ ਕੀ ਉਵੇਂ ਹੀ ਮਜਲਸਾਂ
ਕੀ ਅਜੇ ਵੀ ਉਸ ਤਰ੍ਹਾਂ ਹੀ ਖੇਡ ਮਘ੍ਦੀ ਸੀਪ ਦੀ?

ਵਹਿਮਾਂ ਮਾਰੇ ਲੋਕ ਹੁਣ ਵੀ ਫੂਕਦੇ ਨੇ ਗੁੱਡੀਆਂ
ਹੁਣ ਵੀ ਪਾਣੀ ਲੈਣ ਜਾਂਦੇ ਹੁੰਦੇ ਨੇ ਬੱਦਲ ਕਦੀ?

ਕੀ ਜ਼ਮੀਂਦਾਰਾਂ ਘਰੋਂ ਲਗਦੇ ਉਲਾਂਭੇ ਹੁਣ ਵੀ ਆਉਣ
ਕੋਠੇ ’ਤੇ ਖੜ੍ਹਦੀ ਜਦੋਂ ਮੰਝਲੀ ਕੁੜੀ ਸਰਪੰਚ ਦੀ?

ਟੰਗ ਆਇਆ ਸੀ ਕਦੇ ਮੋਰਾਂ ਦੀ ਜਿਸ ’ਤੇ ਸੀਨਰੀ
ਕੰਧ ਉਹ ਢੱਠੇ ਮਕਾਂ ਦੀ ਕੀ ਅਜੇ ਵੀ ਹੈ ਖੜ੍ਹੀ?

ਨਾਂ ਸੁਣੇ ਚੜ੍ਹਦੇ ਮਹੀਨੇ ਦਾ ਅਜੇ ਵੀ ਮਰਦ ਤੋਂ
ਕੀ ਅਜੇ ਵੀ ਹਰ ਸੁਆਣੀ ਰੋਜ਼ ਪੜ੍ਹਦੀ ਸੁਖਮਨੀ?

ਕੀ ਅਜੇ ਤਾਂਈਂ ਵਟਾਉਂਦੇ ਯਾਰ ਪੱਗਾਂ ਆਮ ਹੀ
ਪੁੱਗਦੀ ਹੈ ਕੀ ਸਿਰਾਂ ਦੇ ਨਾਲ ਅਜ ਵੀ ਦੋਸਤੀ ?

ਅੱਜ ਵੀ ਮਹਿਫ਼ੂਜ਼ ਹਾਂ ਕਿਧਰੇ ਮੈਂ ਉਸਦੇ ਦਿਲ ’ਚ ਜੋ
ਮੇਰੇ ਬਾਰੇ ਪੁੱਛਦੀ ਏ ਪਿੰਡ ਆਉਂਦੇ ਸਾਰ ਹੀ?

ਧੜਕਦਾ ਹਾਂ ਸੀਨਿਆਂ ਵਿਚ ਕੀ ਜੁਦਾ ਹੋ ਕੇ ਵੀ ਮੈਂ
ਫੱਬਦੀ ਨਾ ਕੀ ਕੋਈ ਮਹਿਫ਼ਿਲ ਮੇਰੇ ਬਿਨ ਅੱਜ ਵੀ?

ਹੁਣ ਵੀ ਮੇਰੇ ਨਾਂ ’ਤੇ ਖਤ ਪਾਉਂਦਾ ਏ ਕੋਈ ਘਰ ਮੇਰੇ
ਹੁਣ ਵੀ ਮੇਰੇ ਪਰਤ ਆਵਣ ਦੀ ਉਡੇ ਅਫ਼ਵਾਹ ਕਦੀ?

ਕੀ ਅਜੇ ਵੀ ਬੈਠ ਜਾਂਦੇ ਸਭ ਉਦਾਸੀ ਓੜ੍ਹ ਕੇ
ਸਹਿ-ਸੁਭਾ ਹੀ ਗਲ ਜਦੋਂ ਤੁਰਦੀ ਕਦੇ ਉਸ ਸ਼ਖ਼ਸ ਦੀ?

✵

ਰਾਬਤਾ ਉਸ ਨਾਲ ਜੋ ਮੁੜ ਕੇ ਕਦੇ ਜੁੜਨਾ ਨਹੀਂ
ਡਿੱਗ ਕੇ ਤੇ ਟੁੱਟ ਚੁੱਕਾ ਇਹ ਕੋਈ ਸ਼ੀਸ਼ਾ ਨਹੀਂ

ਮੇਰੇ ਬਾਰੇ ਰਾਏ ਉਸਦੀ, ਓਸਦਾ ਮਸਲਾ ਹੈ ਜ਼ਾਤੀ
ਮੈਂ ਕਿਸੇ ਦੇ ਜ਼ਾਤੀ ਮਸਲੇ ਵਿਚ ਦਖ਼ਲ ਦਿੰਦਾ ਨਹੀਂ

ਰੱਬ ਜਾਣੇ ਆਸ ਮੇਰੇ ਦਿਲ ਦੀ ਕੈਸੀ ਆਸ ਹੈ
ਜਾਣਦੇ ਹੋਏ ਕਿ ਜੋ ਚਾਹੁੰਨਾ ਕਦੇ ਮਿਲਣਾ ਨਹੀਂ

ਹੋਰ ਕੀ ਹਿਜਰਤ ਤੇਰੀ ਨੇ ਕਹਿਰ ਢਾਹੁਣੇ ਨੇ ਅਜੇ
ਮੁੱਦਤਾਂ ਤੋਂ ਵਿਹੜੇ ਵਿਚ ਇਕ ਫੁੱਲ ਵੀ ਖਿੜਿਆ ਨਹੀਂ

ਕਿਸ ਤਰ੍ਹਾਂ ਅਪਣੀ ਮੁਹੱਬਤ ਦਾ ਦਿਲਾਵੇਗਾ ਯਕੀਨ
ਤੇਰਿਆਂ ਰਾਹਾਂ ’ਚ ਹੋਰਾਂ ਵਾਂਗ ਜੋ ਖੜ੍ਹਦਾ ਨਹੀਂ

ਕੁਝ ਵਰ੍ਹੇ ਪਹਿਲਾਂ ਕਿਤੇ ਟੁੱਟੀ ਸੀ ਮੋਹ ਦੀ ਤੰਦ ਇਕ
ਫੇਰ ਮੈਂ ਰਿਸ਼ਤਾ ਕਦੇ ਮੁੜ ਕੇ ਕੋਈ ਬੁਣਿਆ ਨਹੀਂ

✲

ਕੁਝ ਹੋਰ ਦਿਨ ਵਿਛੋੜਾ, ਚੰਗਾ ਸੀ ਟਾਲ ਲੈਂਦੇ
ਮਿਲ ਬਹਿਣ ਦੇ ਤਰੀਕੇ, ਕੁਝ ਹੋਰ ਭਾਲ ਲੈਂਦੇ

ਕਰ ਨਾ ਗਿਆ ਉਹ ਵਾਅਦਾ ਮੁੜ ਆਉਣ ਦਾ, ਸ਼ੁਕਰ ਹੈ
ਵਰਨਾ ਅਸੀਂ ਤਾਂ ਰੋ ਰੋ ਦੀਦੇ ਹੀ ਗਾਲ ਲੈਂਦੇ

ਇਹ ਦਿਨ ਨਹੀਂ ਸੀ ਆਉਣੇ ਅਪਣੇ 'ਤੇ, ਉਸ ਸਮੇਂ ਜੇ
ਇਕ ਦੂਸਰੇ ਨੂੰ ਦੋਵੇਂ, ਰਲ ਕੇ ਸੰਭਾਲ ਲੈਂਦੇ

ਉਂਝ ਤਾਂ ਹਰੇਕ ਰਿਸ਼ਤੇ ਨੇ ਟੁੱਟ ਜਾਣਾ ਹੁੰਦਾ
ਚੰਗਾ ਸੀ ਪਰ ਜੇ ਇਹ ਸਭ ਇਸ ਵਕਤ ਟਾਲ ਲੈਂਦੇ

ਦੋਵਾਂ ਦਿਆਂ ਦਿਲਾਂ 'ਚੋਂ ਮਨਫ਼ੀ ਜੋ ਹੋ ਗਿਆ ਸੀ
ਉਹ ਪਿਆਰ ਕੀ ਸੀ ਮਿਲਣਾ, ਕਿੰਨਾ ਵੀ ਭਾਲ ਲੈਂਦੇ

✷

ਬੜੇ ਬਦਨਾਮ ਰਸਤੇ
ਜ਼ਰਾ ਦਾਮਨ ਬਚਾ ਕੇ

ਇਕੇਰਾਂ ਲਗ ਗਏ ਜੋ
ਨਾ ਫਿਰ ਉਹ ਦਾਗ਼ ਮਿਟਣੇ

ਜੁਦਾ ਹੋਏ ਉਦੋਂ ਦੇ
ਖ਼ਣੀ ਹੁਣ ਕਦ ਮਿਲਣਗੇ

ਕਦੇ ਫਿਰ ਨਾ ਗਿਆ ਮੈਂ
ਉਨ੍ਹਾਂ ਰਾਹਾਂ 'ਤੇ ਮੁੜ ਕੇ

ਜਾਂ ਛਡ ਦੇ ਫ਼ਿਕਰ ਜਗ ਦੇ
ਤੇ ਜਾਂ ਉਸਨੂੰ ਭੁਲਾ ਦੇ

ਗੁਜ਼ਰ ਕੇ ਵੀ ਕਈ ਪਲ
ਹਮੇਸ਼ਾ ਨਾਲ ਰਹਿੰਦੇ

*

ਇੱਕੋ ਈ ਧਰਤ ਉੱਤੇ ਕੈਸੇ ਨੇ ਕਹਿਰ ਬਰਸੇ
ਕੁਝ ਪਾਣੀਆਂ 'ਚ ਡੁੱਬੇ, ਕੁਝ ਬੂੰਦ ਭਰ ਨੂੰ ਤਰਸੇ

ਤੇ ਹੌਲੀ-ਹੌਲੀ ਦੋਵੇਂ, ਸਭ ਭੁਲ ਭੁਲਾ ਗਏ ਉਹ
ਕੁਝ ਦਿਨ ਜ਼ਰੂਰ ਭਾਂਵੇ, ਇਕ ਦੂਸਰੇ ਨੂੰ ਤਰਸੇ

ਕੀ ਵਕਤ ਦਾ ਪਤਾ ਏ, ਮੁੱਠੀ 'ਚ ਕੀ ਏ ਇਸਦੀ
ਮੈਂ ਅੱਜ ਜਿਸਨੂੰ ਤਰਸਾਂ, ਉਹ ਕੱਲ੍ਹ ਮੈਨੂੰ ਤਰਸੇ

ਇਹ ਕੈਸਾ ਹਾਦਸਾ ਹੈ, ਕੈਸੀ ਵਿਡੰਬਨਾ ਹੈ
ਕਲ੍ਹ ਜਾਣ ਨੂੰ ਸੀ ਕਾਹਲੇ, ਅਜ ਵਾਪਸੀ ਨੂੰ ਤਰਸੇ

ਮੈਂ ਜਦ ਵੀ ਸਜਦਾ ਕੀਤਾ ਇਕ ਇਹੋ ਖ਼ੈਰ ਮੰਗੀ
ਯਾ ਰਬ ! ਮੇਰੀ ਤਰ੍ਹਾਂ ਨਾ ਕੋਈ ਪਨਾਹ ਨੂੰ ਤਰਸੇ

✵

ਏਥੇ ਵੀ ਉਹੀ ਦਰਦ ਉਹੀ ਦਾਸਤਾਨ ਨਾਲ
ਏਥੇ ਵੀ ਉਹ ਆ ਗਿਆ ਘਰ ਦੇ ਸਮਾਨ ਨਾਲ

ਹਿਜਰਤ ਦੇ ਵਕਤ ਪੈਰ ਦੀ ਬਣ ਜਾਏਗਾ ਜ਼ੰਜੀਰ
ਏਨਾ ਲਗਾਅ ਨਾ ਰੱਖ ਬੇਗਾਨੇ ਮਕਾਨ ਨਾਲ

ਮੈਨੂੰ ਨਾ ਕੁੱਝ ਹੋਸ਼ ਕਿ ਬੈਠੇ ਮਸੀਤ ਵਿੱਚ
ਕਿਸ ਵਕਤ ਨਾਮ ਜੁੜ ਗਿਆ ਤੇਰਾ ਅਜ਼ਾਨ ਨਾਲ

ਅਪਣੇ ਵੀ ਚੰਦ ਤਾਰਿਆਂ ਤੋਂ ਤੋੜ ਬੈਠਾ ਮੋਹ
ਪਾ ਕੇ ਘੜੀ ਕੁ ਪਿਆਰ ਹੀ ਤੇਰੇ ਜਹਾਨ ਨਾਲ

ਹਾਂ ਉਂਝ ਤਾਂ ਭਰ ਗਿਆ ਏ ਮਾਜ਼ੀ ਦਾ ਹਰੇਕ ਜ਼ਖ਼ਮ
ਕੁਝ ਨਕਸ਼ ਪਰ ਬਚੇ ਨੇ ਜੇ ਵੇਖਾਂ ਧਿਆਨ ਨਾਲ

ਕੁਲ ਉਮਰ ਪੈਰ ਪੈਰ ’ਤੇ ਮਿਲਿਆ ਪੁਲਸਰਾਤ
ਅੰਬਰ ਖ਼ਫਾ ਰਿਹਾ ਸਦਾ ਮੇਰੀ ਉਡਾਨ ਨਾਲ

✵

ਇਕ ਮੋੜ ਸੀ ਜਾਂ ਜ਼ਖ਼ਮ ਸੀ ਜਾਂ ਸੀ ਉਹ ਹਾਦਸਾ
ਕੁਝ ਖ਼ਾਸ ਤਾਂ ਨਹੀਂ ਸੀ ਬਸ ਮੈਂ ਦਿਲ ਨੂੰ ਲਾ ਗਿਆ

ਜਿਸਨੇ 'ਕਰਾਰ ਉਮਰ ਭਰ ਹੱਸਣ ਦਾ ਸੀ ਲਿਆ
ਮੈਂ ਜਾਣ ਲੱਗੇ ਉਸਦਾ ਹੀ ਹੱਥ ਫੜ ਕੇ ਰੋ ਪਿਆ

ਇਹ ਨਹਿਰ ਤਰਨ ਨੂੰ ਨਹੀਂ ਬਸ ਖ਼ੁਦਕੁਸ਼ੀ ਨੂੰ ਹੈ
ਮੁੜ ਕੇ ਨਾ ਉਭਰਿਆ ਹੈ ਜੋ ਇਕ ਵਾਰ ਉਤਰਿਆ

ਕਿਸਦੀ ਅਵਾਜ਼ ਹੋਏਗੀ ਉਹ ਕਿਸਦੀ ਪੈਰ-ਚਾਪ
ਕੋਈ ਕਿਸੇ ਨੂੰ ਰਾਤ ਭਰ ਲਭਦਾ ਸੀ ਫਿਰ ਰਿਹਾ

ਇਸ ਵਾਰ ਰੌਸ਼ਨੀ 'ਤੇ ਉਹ ਮਿਲਿਆ ਹੈ ਕੁਝ ਇਵੇਂ
ਅਗਲੀ ਦਫ਼ਾ ਕਿਤੇ ਮਿਲਣ ਦਾ ਭਰਮ ਵੀ ਗਿਆ

ਰੋਇਆ ਸੀ ਕੋਈ ਮੈਨੂੰ ਵੀ ਲੁਕ-ਲੁਕ ਕੇ ਰਾਤ ਭਰ
ਮੈਂ ਵੀ ਕਿਸੇ ਦੀ ਅੱਖ ਦਾ ਕਦੇ ਖ਼ਾਅਬ ਸੀ ਰਿਹਾ

ਹਰ ਹੱਦ ਸਹਿਣਸ਼ੀਲਤਾ ਦੀ ਟਪ ਗਿਆ ਜਦੋਂ
ਕੀ ਵੇਖਦਾਂ ਫਿਰ ਦਰਦ ਦਾ ਵੀ ਦਰਦ ਨਾ ਰਿਹਾ

✱

ਕੋਈ ਨਾਂ ਨਹੀਂ, ਕੋਈ ਛਾਂ ਨਹੀਂ
ਇਹ ਰਿਸ਼ਤਾ ਵੀ ਕਿੰਨਾ ਅਜੀਬ ਹੈ
ਕੋਈ ਗਰਜ਼ ਹੈ ਜੋ ਨਾ ਚਾਹੁੰਦੇ ਵੀ
ਮੇਰੇ ਇਸ ਕਦਰ ਉਹ ਕਰੀਬ ਹੈ

ਕਹੇਂ ਜਿਸਨੂੰ ਤੂੰ ਗ਼ਲਤਫ਼ਹਿਮੀਆਂ
ਤੇਰੇ ਸਕਿਆਂ ਦੀਆਂ ਨੇ ਸਾਜ਼ਿਸ਼ਾਂ
ਖ਼ਣੀ ਦੌਰ ਹੈ ਇਮਤਿਹਾਨ ਦਾ
ਖ਼ਣੀ ਏਹੀ ਤੇਰਾ ਨਸੀਬ ਹੈ

ਉਸੇ ਗੱਲ 'ਚੋਂ ਉਠਿਆ ਬਵਾਲ ਸੀ
ਉਹ ਜੋ ਦਿਲ 'ਚ ਆਇਆ ਸਵਾਲ ਸੀ
ਤੇ ਮੈਂ ਪੁੱਛ ਬੈਠਾ ਸੀ ਸਹਿ ਸੁਭਾ
ਕਿ ਉਹ ਏਨਾ ਕਿਉਂ ਖ਼ੁਸ਼ਨਸੀਬ ਹੈ

ਮੇਰੇ ਮੋਹ ਦਾ ਦੱਸੋ ਇਲਾਜ਼ ਕੀ
ਮੈਂ ਜਿਸ ਦੀ ਨਜ਼ਰ ਵਿਚ ਕੁਝ ਨਹੀਂ
ਕਿ ਇਕ ਸ਼ਖ਼ਸ ਉਹ ਹੀ ਮੇਰੇ ਲਈ
ਸੌ ਕਰੀਬੀਆਂ ਤੋਂ ਕਰੀਬ ਹੈ

ਸ਼ਹਿਰ ਭਰ 'ਚ ਹੀ ਇਸਦਾ ਚਰਚਾ ਹੈ
ਇੱਕ ਤੈਨੂੰ ਹੀ ਕੁਝ ਖ਼ਬਰ ਨਹੀਂ
ਹੁਣ ਉਹ ਤੈਨੂੰ ਵੀ ਭੁੱਲ ਜਾਏਗਾ
ਕੋਈ ਉਸਦੇ ਏਨਾ ਕਰੀਬ ਹੈ

ਉਹ ਸਨਮਾਨ ਚਿੰਨ ਲੈ ਬਜ਼ਾਰ 'ਚੋਂ
ਸਜਾ ਰੱਖਦਾ ਏ ਡਰਾਇੰਗ ਰੂਮ
ਹੈ ਫੂੰ-ਫਾਂ 'ਚ ਉਸਦਾ ਯਕੀਂ ਬੜਾ
ਉਹ ਇਕਵੀਂ ਸਦੀ ਦਾ ਅਦੀਬ ਹੈ

✵

ਸਾਹਵੇਂ ਖਲੋ ਜਿਨ੍ਹਾਂ ਨੇ ਸੁਪਨੇ ਕਤਲ ਕਰਾਏ
ਪਾ ਕੇ ਨਕਾਬ ਅਜ ਉਹ, ਧਰਵਾਸ ਦੇਣ ਆਏ

ਮੇਰੇ ਲਈ ਉਦੋਂ ਤੋਂ ਹੀ ਗ਼ੈਰ ਹੋ ਗਿਆ ਉਹ
ਜਿਸ ਦਿਨ ਤੋਂ ਗ਼ੈਰ ਉਸਨੇ ਅਪਣੀ ਬਗਲ ਬਠਾਏ

ਆ ਖੜ੍ਹ ਗਿਆ ਦਰਾਂ 'ਤੇ, ਪਹਿਚਾਣਿਆਂ ਨਾ ਤਾਂ ਵੀ
ਜਿਸ ਦੀ ਉਡੀਕ ਕਰਦੇ ਏਨੇ ਵਰ੍ਹੇ ਬਿਤਾਏ

ਮੈਂ ਜਾਣਦਾਂ ਕਿ ਤੂੰ ਹੁਣ ਆਉਣਾ ਨਹੀ ਹੈ ਮੁੜ ਕੇ
ਅੱਖਾਂ 'ਚ ਆਸ ਹੈ ਕਿ ਛੁਪਦੀ ਨਹੀਂ ਛੁਪਾਏ

ਕੁਝ ਜ਼ਖ਼ਮ ਜੁੜ ਗਏ ਨੇ ਇਸ ਨਾਲ ਮੇਰੇ ਦਿਲ ਦੇ
ਮੈਨੂੰ ਬਸੰਤ ਦੀ ਰੁਤ ਜੋ ਇਸ ਕਦਰ ਰੁਲਾਏ

*

ਕੀ ਕੋਈ ਬੂਟੀ ਮੇਰੇ ਵੀ ਨਾਮ ਦੀ ਪਾਉਂਦੀ ਏ ਮਾਂ?
ਇਕ ਸਿਤਾਰਾ ਸਾਂਝੀ ਵਿਚ ਅਜ ਵੀ ਮੇਰਾ ਲਾਉਂਦੀ ਏ ਮਾਂ?

ਕੀ ਅਜੇ ਵੀ ਰੱਖੜੀ ਦੇ ਦਿਨ ਘਰੇ ਆਉਂਦੀ ਏ ਭੈਣ,
ਝਕਰੀਆਂ ਨੂੰ ਅੱਜ ਵੀ ਛੁਪ ਛੁਪ ਉਵੇਂ ਰੋਂਦੀ ਏ ਮਾਂ?

ਕੀ ਅਜੇ ਵੀ ਜੋੜ ਕੇ ਤਾਰੇ ਮੇਰਾ ਲਿਖਦੀ ਏ ਨਾਂ,
ਫਿਰ ਕੋਈ ਟੁਟਿਆ ਸਿਤਾਰਾ ਦੇਖ ਕੇ ਰੋਂਦੀ ਏ ਮਾਂ?

ਅੱਜ ਵੀ 'ਉਹ' ਚੌਲ ਚਿੱਟੇ ਪਾਉਂਦੀ ਏ ਮੁੰਡੇਰ 'ਤੇ
ਸਹਿ ਸੁਭਾ ਉਸ ਵਾਸਤੇ ਸੰਧੂਰ ਲੈ ਆਉਂਦੀ ਏ ਮਾਂ?

ਨਾਂ ਮੇਰਾ ਸੁਣ ਕੇ ਭਤੀਜੇ ਦੀ ਜ਼ੁਬਾਨੋਂ ਅੱਜ ਵੀ
ਲਗ ਕੇ ਗਲ ਭਾਬੀ ਦੇ ਭੁੱਬਾਂ ਮਾਰ ਕੇ ਰੋਂਦੀ ਏ ਮਾਂ?

ਨਾਂ ਮੇਰਾ ਲੈ ਵੀਰ ਵੱਡਾ ਰੋਂਦਾ ਜਦ ਪੀ ਪੀ ਸ਼ਰਾਬ,
ਰਲ ਕੇ ਬਾਪੂ ਨਾਲ ਮੁੜ ਮੁੜ ਵੀਰ ਸਮਝਾਉਂਦੀ ਏ ਮਾਂ?

ਲੈ ਦੁਆ 'ਪੁੱਤੀ ਫਲੇਂ' ਦੀ ਅੱਜ ਵੀ ਪੈਂਦੀ ਏ ਰੋ
ਭੁੱਖਿਆਂ ਨੂੰ ਮੰਦਰਾਂ ਵਿਚ ਖੈਰ ਜਦ ਪਾਉਂਦੀ ਏ ਮਾਂ?

ਸਾਰਾ ਸਾਰਾ ਦਿਨ ਦਰਾਂ ਦੇ ਨਾਲ ਹੀ ਬੱਝੀ ਰਹੇ
ਬਾਰ ਢੋ ਕੇ ਕੀ ਅਜੇ ਵੀ ਦਿਨ ਢਲੇ ਰੋਂਦੀ ਏ ਮਾਂ?

*

ਸੁੱਕੇ ਪੱਤੇ ਪਤਝੜਾਂ ਦੇ ਰੰਗ ਬਾਸੀ ਸ਼ਾਮ ਦੇ
ਚੁਪ ਚੁਪੀਤੇ ਮੇਰੀਆਂ ਗ਼ਜ਼ਲਾਂ 'ਚ ਨੇ ਆ ਕੇ ਰਲੇ

ਭੁਲ ਗਿਆ ਉਹ ਤਾਂ ਕਦੋਂ ਦਾ, ਜਿਸਦੇ ਇੱਕੋ ਖ਼ਾਬ ਦਾ
ਮੁਲ ਚੁਕਾਇਆ ਸੀ ਕਦੇ ਮੈਂ ਖ਼ਾਬ ਅਪਣੇ ਵੇਚ ਕੇ

ਮੁੱਢ ਤੋਂ ਹੀਂ ਹੈ ਸੁਭਾ ਉਸਦਾ, ਲਕੋ ਰਖਦੈ ਬੜੇ
ਜਾਣਦਾ ਹਾਂ ਖ਼ੂਬ ਰੋਇਆ ਹੋਣਾ ਮੈਨੂੰ ਤੋਰ ਕੇ

ਨਕਸ਼ ਨੇ ਜੇਕਰ ਕਿਸੇ ਦੇ ਮੇਰਿਆਂ ਗੀਤਾਂ 'ਚ, ਤਾਂ
ਅਕਸ ਫਿਰ ਗੀਤਾਂ ਦੇ ਉਸਦੇ ਨੈਣਾਂ ਵਿਚ ਵੀ ਹੋਣਗੇ

ਵਿਹੁ ਤਰ੍ਹਾਂ ਲਗਦਾ ਸੀ ਮੇਰਾ ਜ਼ਿਕਰ ਵੀ ਜਿਸਨੂੰ ਕਦੇ
ਰੋ ਪਿਆ ਸੁਣਿਐ ਮੇਰੀ ਅਲਬਮ 'ਚ ਫੋਟੋ ਦੇਖ ਕੇ

ਮੁੱਕ ਜਾਂਦੀ ਉਮਰ ਮੇਰੀ ਪਰ ਨਾ ਮੁੱਕਦਾ ਇੰਤਜ਼ਾਰ
ਤੇਰਾ ਖ਼ਤ ਲਗਦਾ ਉਡੀਕਣ ਖ਼ਤ ਜੇ ਅਪਣਾ ਭੇਜ ਕੇ

✵

ਨਾ ਜਾਣੇ ਕੀ ਹੈ ਉਸਦੇ ਦਿਲ 'ਚ ਜੋ ਏਨਾ ਸਤਾਉਂਦਾ ਏ
ਚਲੋ ਵੇਖੋ, ਉਹ ਅੱਗੋਂ ਕਿਸ ਤਰ੍ਹਾਂ ਦੇ ਦਿਨ ਦਿਖਾਉਂਦਾ ਏ

ਜਦੋਂ ਤਕ ਨਾਲ ਸੀ ਤੂੰ ਦਿਨ ਉਦੋਂ ਤਕ ਖ਼ੂਬਸੂਰਤ ਸਨ
ਕਿਤੇ ਵੀ ਠਹਿਰਦਾ ਨਾ ਦਿਲ ਹੁਣ ਹਰ ਮੌਸਮ ਰਲਾਉਂਦਾ ਏ

ਜ਼ਮਾਨਾ ਹੋ ਗਿਆ ਉਸ ਨੂੰ ਜੁਦਾ ਹੋਇਆਂ, ਮਗਰ ਅਜ ਵੀ
ਉਹ ਪਹਿਲੇ ਪਹਿਲ ਦੇ ਲਮ੍ਹਿਆਂ ਤਰ੍ਹਾਂ ਹੀ ਯਾਦ ਆਉਂਦਾ ਏ

ਰਹੀ ਹੋਣੀ ਚਿਰੋਕੀ ਰੀਝ ਉਸ ਦੀ ਵੀ ਕੋਈ ਐਸੀ
ਜੋ ਹਰ ਇਕ ਚਿਤਰ ਅੰਦਰ ਬਿਜੜਿਆਂ ਦੇ ਘਰ ਬਣਾਉਂਦਾ ਏ

ਉਹੀ ਇਕ ਮੋੜ ਆਪਣੇ ਰਾਹ ਰਸਤੇ ਜੋ ਤਕਸੀਮ ਕਰਦਾ ਸੀ
ਅਜੇ ਤਾਈਂ ਵੀ ਮੇਰੇ ਸੁਪਨਿਆਂ ਵਿਚ ਆਮ ਆਉਂਦਾ ਏ

ਹੈ ਉਸ ਨੰਨ੍ਹੇ ਜਿਹੇ ਬਚਪਨ 'ਚ ਮੇਰੀ ਕਾਇਨਾਤ ਸਾਰੀ
ਮੈਂ ਸਾਰੇ ਦਰਦ ਭੁਲ ਜਾਨਾਂ ਜਦੋਂ ਉਹ ਮੁਸਕਰਾਉਂਦਾ ਏ

✵

ਉਡ ਚੁੱਕੇ ਰੰਗਾਂ ਨੂੰ ਲਭਦਾ ਫਿਰੇ
ਉਹ ਕਦੇ ਜੁਗਨੂੰ ਕਦੇ ਤਾਰਾ ਬਣੇ

ਵਕਤ ਪੰਜੇ ਆ ਰਿਹਾ ਕਾਫ਼ਿਰ ਮਸੀਤ
ਕੌਣ ਹੈ, ਉਹ ਜਿਸ ਲਈ ਸਜਦਾ ਕਰੇ

ਮੋਢਿਆਂ 'ਤੇ ਭਾਰ ਘਰ ਦਾ ਸਾਂਭਦਾ
ਉਹ ਸ਼ਤੀਰੀ ਤੇ ਕਦੇ ਥਮਲਾ ਬਣੇ

ਰਾਤ ਨੂੰ ਰੋਵੇ ਉਹ ਕੰਧਾਂ ਨਾਲ ਲਗ ਕੇ
ਸਾਰਾ ਦਿਨ ਲੋਕਾਂ 'ਚ ਜੋ ਹਸਦਾ ਦਿਸੇ

ਤੁਰ ਗਏ ਦੀ ਪੈੜ ਤਕ ਵੀ ਨਾ ਰਹੀ
ਦੂਰ ਤੀਕਰ ਵੇਖਦਾਂ ਰੇਤਾ ਉਡੇ

✵

ਮਿਲਣ ਤਾਂ ਆਇਆ ਸੀ ਕਿੰਨਾ ਬਣ ਸੰਬਰ ਕੇ
ਜਾਣ ਵੇਲੇ ਪਰ ਗਿਆ ਉਹ ਅੱਖ ਭਰ ਕੇ

ਚੇਤ ਵੀ ਮਾਯੂਸ ਹੋ ਜਾਂਦਾ ਇਕੇਰਾਂ
ਸਾਡੇ ਲੋਕਾਂ ਦੇ ਘਰਾਂ ਅੰਦਰ ਉਤਰ ਕੇ

ਕੀ ਲਿਆਈ ਕੀ ਨਹੀਂ ਖਬਰੇ, ਮਗਰ ਇਕ
ਫੁੱਲ ਲੈ ਕੇ ਆਈ ਏ ਪੁਸਤਕ 'ਚ ਧਰ ਕੇ

ਪੁੱਛ ਨਾ ਕੀ ਬਣਿਆ ਮੇਰੇ ਸੁਪਨਿਆਂ ਦਾ
ਰੋਲੇ ਨੇ ਕਿਸ ਕਿਸ ਦੀਆਂ ਅੱਖਾਂ 'ਚ ਧਰ ਕੇ

ਹੋ ਗਿਆਂ ਪਰ ਨੇੜੇ ਦਿਲ ਦੇ ਹੋਰ ਵੀ
ਖ਼ੁਸ਼ ਸੀ ਕਿੰਨਾ ਮੈਨੂੰ ਅੱਖੋਂ ਦੂਰ ਕਰ ਕੇ

ਪਰਤ ਕੇ ਆਏ ਕਦੇ ਮੋਏ-ਗਏ ਵੀ?
ਰੋਇਆ ਨਾ ਕਰ ਐਂਵੇ ਵਿਛੜੇ ਯਾਦ ਕਰ ਕੇ

✵

ਰਾਤ ਦਿਨ ਦਰ-ਬਦਰ ਮੈਂ ਰਿਹਾ ਭਟਕਦਾ
ਪਰ ਨਾ ਮਿਲਿਆ ਕਿਸੇ ਤੋਂ ਕੋਈ ਆਸਰਾ
ਤੇਰੀ ਬੁੱਕਲ ਅਤੇ ਮਾਂ ਦਾ ਆਂਚਲ ਜਦੋਂ
ਯਾਦ ਆਇਆ, ਜਿਵੇਂ ਮੈਂ ਤਾਂ ਰੋ ਹੀ ਪਿਆ

ਬਹੁਤ ਕੁਝ ਦਬ ਗਿਆ ਵਕਤ ਦੀ ਗਰਦ ਹੇਠ
ਰੇਲ ਜੀਵਨ ਦੀ ਆ ਗਈ ਹੈ ਕਾਫ਼ੀ ਅਗਾਂਹ
ਸੁਲਗਦਾ ਏ ਅਜੇ ਵੀ ਮਗਰ ਰਾਤ ਦਿਨ
ਧੁਰ ਮੇਰੇ ਦਰਦ ਕੋਈ ਤੇਰੇ ਨਾਂ ਜਿਹਾ

ਅਜ ਮੁਕੱਦਰ ਨਹੀਂ ਨਾਲ ਮੇਰੇ ਅਗਰ
ਦੋਸਤਾ ਹਸ ਨਾ ਕਲ੍ਹ ਦੀ ਵੀ ਕਿਸਨੂੰ ਖ਼ਬਰ
ਹੋ ਸਕੇ ਤੂੰ ਵੀ ਗੁਜ਼ਰੇਂ ਇਸੇ ਰਸਤਿਓਂ
ਕੀ ਪਤਾ ਹੈ ਭਲਾ ਵਕਤ ਦੀ ਮਾਰ ਦਾ

ਸੋਚਦਾ ਹਾਂ ਉਹ ਕਿੰਨੀ ਅਜਬ ਰੁੱਤ ਸੀ
ਦੌਰ ਮਾਸੂਮ ਸੀ ਉਮਰ ਦਾ ਕਿਸ ਕਦਰ
ਵੇਖਣਾ ਤੈਨੂੰ ਹੀ ਬਸ, ਜਦੋਂ ਵੇਖਣਾ
ਸੋਚਣਾ ਤੇਰੇ ਬਾਰੇ, ਜਦੋਂ ਸੋਚਣਾ

ਮੈਨੂੰ ਦੇ ਕੇ ਮੁਬਾਰਕ ਨਵੇਂ ਸਾਲ ਦੀ
ਅਪਣੇ ਫ਼ਰਜ਼ਾਂ ਤੋਂ ਜਿਉਂ ਸੁਰਖ਼ਰੂ ਹੋ ਗਿਆ
ਸੋਚਿਆ ਤਕ ਨਾ ਹੋਣਾ ਕਦੇ ਓਸਨੇ
ਬੀਤਿਆ ਸਾਲ ਮੇਰਾ ਕਿਵੇਂ ਬੀਤਿਆ

ਅੱਖਾਂ ਵਿਚ ਅੱਖਾਂ ਪਾ ਕੇ ਮੈਂ ਪੁਛਦਾ ਰਿਹਾ
ਪਰ ਕਿਸੇ ਨੇ ਨਾ ਹਾਮੀ ਭਰੀ ਆਉਣ ਦੀ
ਨੰਗੇ ਸਿਰ ਉਤੇ ਰਖਵਾ ਕੇ ਹੱਥ ਅੰਮੀ ਦਾ
ਹਾਰ ਕੇ ਮੈਨੂੰ 'ਕੱਲੇ ਨੂੰ ਤੁਰਨਾ ਪਿਆ

✯

ਉਹ ਜੋ ਹਰ ਵਕਤ ਹੀ ਪ੍ਰਸ਼ੰਸਕਾਂ ਵਿਚ ਘਿਰਿਆ ਦਿਸਦਾ ਏ
ਪਤਾ ਹੈ, ਆਪਣੇ ਹੀ ਘਰ 'ਚ ਉਹ ਕਿੰਨਾ ਇਕੱਲਾ ਏ ?

ਬਹੁਤ ਅਰਸੇ ਤੋਂ ਇਕ ਚਿਹਰਾ ਜਿਵੇਂ ਸਾਇਆ ਹੀ ਬਣਿਆ ਏ
ਮੈਂ ਜਿੱਥੇ ਕਿੱਥੇ ਵੀ ਜਾਵਾਂ ਉਹ ਮੇਰੇ ਨਾਲ ਰਹਿੰਦਾ ਏ

ਇਹ ਮੇਰਾ ਕਥਨ ਮੇਰੀ ਜ਼ਿੰਦਗੀ ਭਰ ਦਾ ਤਜ਼ਰੁਬਾ ਏ
ਮੇਰਾ ਅਪਣਾ ਹੀ ਅਕਸਰ ਰਾਹ ਦੀ ਦੀਵਾਰ ਬਣਿਆ ਏ

ਮੈਂ ਫਿਰ ਤੋਂ ਸਾਰੀ ਸਾਰੀ ਰਾਤ ਜਾਗਣ ਲਗ ਪਿਆ ਹਾਂ ਜੋ
ਇਹ ਮੇਰੇ ਸੁਪਨਿਆਂ 'ਤੇ ਕਿਸ ਦੀਆਂ ਯਾਦਾਂ ਦਾ ਪਹਿਰਾ ਏ

ਦਿਖਾਇਆ ਏ ਜੋ ਪਰਬਤ ਪਿੱਛੇ ਕੁਝ ਗੁੰਮਸੁਮ ਜਿਹਾ ਦਿਸਦਾ
ਤੇ ਫਿਰ ਫੋਟੋ 'ਚ ਵੀ ਇਕ ਸ਼ਖ਼ਸ ਮੈਨੂੰ ਉਠਿਆ ਲਗਦਾ ਏ

ਸ਼ਨਾਖ਼ਤ ਕਿਸ ਕਦਰ ਇਨਸਾਨ ਦੀ ਹੈ ਹੋ ਗਈ ਮੁਸ਼ਕਿਲ
ਇਹ ਬਾਹਰੋਂ ਹੋਰ ਲਗਦਾ ਏ ਤੇ ਅੰਦਰੋਂ ਹੋਰ ਹੁੰਦਾ ਏ

ਮੁਸਲਸਲ ਹਾਦਸੇ ਵੇਖੇ ਨੇ ਉਸਨੇ ਜ਼ਿੰਦਗੀ ਸਾਰੀ
ਸੋ ਡਰਦਾ ਅਪਣੀ ਹੀ ਪੈੜਛ ਤੋਂ ਉਹ ਰੁਕ ਰੁਕ ਕੇ ਤੁਰਦਾ ਏ

ਭਲਾ ਇਹ ਸ਼ਖ਼ਸ ਕਿਹੜਾ ਰਹਿ ਰਿਹਾ ਏ ਸਾਹਮਣੇ ਘਰ ਵਿਚ
ਨਾ ਕੋਈ ਬੋਲ ਸੁਣਦਾ ਏ ਨਾ ਦੀਵਾ ਤਕ ਹੀ ਜਗਦਾ ਏ

ਹਜ਼ਾਰਾਂ ਰੰਗ ਅਜ ਵੀ ਆਸ ਦੇ ਅੱਖਾਂ ’ਚ ਜਗ ਜਾਂਦੇ
ਜਾਂ ਮਾਮੂਲੀ ਜਹੀ ਦਸਤਕ ਹੀ ਉਹ ਬੂਹੇ ’ਤੇ ਸੁਣਦਾ ਏ

ਕੋਈ ਨਾਤਾ ਨਹੀਂ ਉਸ ਨਾਲ ਮੇਰਾ, ਫੇਰ ਵੀ ਅਕਸਰ
ਬਸ ਉਸਦਾ ਨਾਮ ਹੀ ਸੁਣਦੇ ਜਿਵੇਂ ਇਕ ਦਰਦ ਉਠਦਾ ਏ

‘ਮੈਂ ਜਿਸ ਨੂੰ ਕਾਫ਼ਲਾ ਜਾਤਾ, ਸੀ ਦੁਸ਼ਮਣ ਫ਼ੌਜ ਦਾ ਦਸਤਾ’*
ਇਹ ਮਿਸਰਾ ਜਿਸ ਕਿਸੇ ਵੀ ਲਿਖਿਆ ਏ ਬਾਖ਼ੂਬ ਲਿਖਿਆ ਏ

*ਇਹ ਮਿਸਰਾ ਡਾ. ਜਗਤਾਰ ਦੀ ਇਕ ਗ਼ਜ਼ਲ ’ਚੋਂ ਲਿਆ ਗਿਆ ਏ

✵

ਨਿੱਤ ਸਫ਼ਰ ਵਿਚ ਰਹੀਆਂ ਲੱਖ ਬਲਾਵਾਂ ਨਾਲ
ਆਪਾਂ ਵੀ ਪਰ ਰੱਖੇ ਪੈਰ ਦੁਆਵਾਂ ਨਾਲ

ਰਮਜ਼ਾਂ ਸਿਖ ਲੈ ਦੀਵੇ ਬਾਲਣ ਤੋਂ ਪਹਿਲਾਂ
ਕੋਈ ਗਿਟਮਿਟ ਕਰ ਲੈ ਜਾ ਕੇ ਹਵਾਵਾਂ ਨਾਲ

ਪੋਹ ਵਿਚ ਖ਼ੂਨੋਂ ਗੂੜ੍ਹਾ ਰਿਸ਼ਤਾ ਧੁੱਪਾਂ ਨਾਲ
ਹਾੜ੍ਹ 'ਚ ਜਾਨੋਂ ਪਿਆਰੀ ਯਾਰੀ ਛਾਵਾਂ ਨਾਲ

ਰਾਹ ਤਕਦੀ ਏ ਮੇਰਾ ਫ਼ਿਕਰਾਂ ਨਾਲ ਭਰੀ
ਹੰਝੂ ਨੈਣੀਂ ਲਿਸ਼ਕਣ ਅਥਰੇ ਚਾਅਵਾਂ ਨਾਲ

ਅਜ ਇਤਰਾਜ਼ ਉਹ ਕਰਦਾ ਸਾਡੇ ਜੀਣੇ 'ਤੇ
ਕਲ੍ਹ ਤਕ ਸਾਹ ਲੈਂਦਾ ਸੀ ਸਾਡੇ ਸਾਹਵਾਂ ਨਾਲ

ਕੀ ਉਹ ਕਮਲਾ ਮੰਜ਼ਿਲ ਤਾਂਈ ਪੁੱਜੇਗਾ
ਬੈਠ ਗਿਆ ਜੋ ਯਾਰੀ ਪਾ ਕੇ ਰਾਹਵਾਂ ਨਾਲ

*

ਕਿਤੇ ਸੀ ਤੁਹਮਤਾਂ ਦੇ ਦਿਨ, ਕਿਤੇ ਸੀ ਨਫ਼ਰਤਾਂ ਦੇ ਦਿਨ
ਮਿਲੇ ਨਾ ਜ਼ਿੰਦਗੀ ਵਿਚ ਪਰ ਕਦੇ ਵੀ ਚਾਹਤਾਂ ਦੇ ਦਿਨ

ਬੜੇ ਢੂੰਡੇ ਬੜੇ ਆਹਰ ਕਰੇ ਮੈਂ ਦੋਸਤੋ ਲੇਕਿਨ
ਮੇਰੇ ਖੋਏ ਕਦੇ ਮੁੜ ਕੇ ਮਿਲੇ ਨਾ ਹਸਰਤਾਂ ਦੇ ਦਿਨ

ਮੈਂ ਭੇਟਾ ਚ੍ਹਾੜ ਦਿੱਤੇ ਧੁਰ ਮੇਰੇ ਬਿਖ਼ਰੇ ਖ਼ਲਾ ਤਾਈਂ
ਜੁੜੇ ਦੋ ਚਾਰ ਜਦ ਵੀ ਜ਼ਿੰਦਗੀ ਵਿਚ ਫ਼ੁਰਸਤਾਂ ਦੇ ਦਿਨ

ਕਿਸੇ ਦੀ ਜ਼ਿੰਦਗੀ ਵਿਚ ਤਲਖ਼ ਰਾਤਾਂ ਆਉਣ ਨਾ ਏਦਾਂ
ਕਿਸੇ ਨੂੰ ਮਿਲਣ ਨਾ ਮੇਰੀ ਤਰ੍ਹਾਂ ਇਉਂ ਤੁਹਮਤਾਂ ਦੇ ਦਿਨ

ਉਡੀਕੇ ਤਾਂ ਬਥੇਰੇ ਕੀ ਪਤਾ ਪਰ ਰਹਿ ਗਏ ਕਿੱਥੇ
ਸਵੱਲੀ ਨਜ਼ਰ ਤੇਰੀ ਤੇ ਕਿਸੇ ਦੇ ਰਾਹਤਾਂ ਦੇ ਦਿਨ

✵

ਚਾਕ ਮੇਰੇ ਤਕ ਕੇ ਹਸਦਾ ਏ
ਜ਼ਖ਼ਮਾਂ 'ਤੇ ਮਰਹਮ ਰਖਦਾ ਏ

ਇਹ ਹੋਠਾਂ 'ਤੇ ਥਿਰਕਣ ਕੈਸੀ
ਨਾਮ ਤੇਰਾ ਆ ਕੇ ਰੁਕਦਾ ਏ

ਕੀ ਗਲ ਹੈ ਕੋਈ ਨਾ ਜਾਣੇ
ਕਿਉਂ ਪਲ-ਪਲ ਅੱਖਾਂ ਭਰਦਾ ਏ

ਦਰਦ ਉਹਦੇ ਵੀ ਦਿਲ ਵਿਚ ਛੁਪਿਐ
ਉਹ ਹੋਠਾਂ ਤੋਂ ਕੀ ਹਸਦਾ ਏ

ਘਸ ਚਲਿਆ ਕਾਫ਼ਰ ਦਾ ਮੱਥਾ
ਕਿਸ ਖ਼ਾਤਰ ਸਜਦਾ ਕਰਦਾ ਏ

ਦਸਤਕ ਕੀ ਹੋਵੇ ਬੂਹੇ 'ਤੇ
ਬਸ ਧੜਕਣ 'ਤੇ ਹਥ ਰਖਦਾ ਏ

ਬਿਨ ਤੇਰੇ ਜੀਣਾ ਕੀ ਜੀਣਾ
ਸੂਰਜ ਚੜ੍ਹਦਾ ਤੇ ਛਿਪਦਾ ਏ

*

ਔੜ ਮਾਰੀ ਅੱਖ ਨੂੰ ਕੁਝ ਦੇਰ ਹੀ ਤਰ ਰਹਿਣ ਦੇ
ਜਾਣ ਵੇਲੇ ਮਿਲਣ ਦਾ ਅੱਖਾਂ 'ਚ ਮੰਜ਼ਰ ਰਹਿਣ ਦੇ

ਠੀਕ ਹੀ ਤਾਂ ਦਾ.ਗ ਲਗਿਆ ਏ ਮੇਰੇ ਵਿਸ਼ਵਾਸ 'ਤੇ
ਦੋਸਤੀ ਦੇ ਨਾਂ ਦਾ ਖੁਭਿਆ ਪਿਠ 'ਚ ਖ਼ੰਜਰ ਰਹਿਣ ਦੇ

ਜ਼ਿਕਰ ਤਕ ਵੀ ਕਿਉਂ ਭਲਾ ਤੂੰ ਹੋਣ ਨਾ ਦਿੰਦਾ ਮੇਰਾ
ਮੈਨੂੰ ਵੀ ਘਰ ਦੇ ਕਿਸੇ ਕੋਨੇ 'ਚ ਹਾਜ਼ਰ ਰਹਿਣ ਦੇ

ਨਾ ਯਤਨ ਤੇਰੇ ਦਿਲੋਂ ਨੇ ਨਾ ਤਮੰਨਾ ਹੀ ਮੇਰੀ
ਰਹਿ ਗਏ ਜੋ ਅਪਣੀਆਂ ਸੋਚਾਂ 'ਚ ਅੰਤਰ ਰਹਿਣ ਦੇ

ਕੁਝ ਪਤਾ ਨਾ ਦੂਰੀਆਂ ਨਜ਼ਦੀਕੀਆਂ ਬਣ ਜਾਣ ਕਦ
ਵਰਤ ਵਰਤਾਰੇ ਨੂੰ ਕੋਈ ਪੁਲ਼ ਤਾਂ ਆਖਰ ਰਹਿਣ ਦੇ

ਜਾ ਰਿਹਾ ਏਂ ਰੰਗ ਸਾਰੇ ਲੈ ਕੇ ਅਪਣੇ ਨਾਲ ਹੀ
ਘਰ ਜਹੀ ਸ਼ੈ ਕੋਈ ਇਸ ਘਰ ਦੇ ਵੀ ਅੰਦਰ ਰਹਿਣ ਦੇ

☀

ਕਦਮ-ਦਰ-ਕਦਮ ਸਾਥ ਮੇਰੇ ਤੁਰੇਗੀ
ਮੇਰੀ ਬੇਵਸੀ ਸਾਇਆ ਬਣ ਕੇ ਰਹੇਗੀ

ਕਦੋਂ ਇਹ ਨਿਰਾਸ਼ਾ ਦੇ ਬੱਦਲ ਹਟਣਗੇ
ਕਦੋਂ ਧੁੰਦ ਇਹ ਬੇਵਸੀ ਦੀ ਛਟੇਗੀ

ਮੇਰੀ ਤਾਂ ਸਿਰਫ਼ ਬਣ ਸਕੀ ਆਰਜ਼ੂ ਹੀ
ਉਹ ਹਾਸਿਲ ਉਹੀ ਜਾਣੇ ਕਿਸਦਾ ਬਣੇਗੀ

ਮੇਰਾ ਜ਼ਿਕਰ ਵੀ ਓਥੇ ਹੋਊ ਯਕੀਨਨ
ਜਦੋਂ ਵੀ ਕਿਤੇ ਵੀ ਤੇਰੀ ਗਲ ਤੁਰੇਗੀ

ਅਜੇ ਤਾਂ ਇਹ ਕੇਵਲ ਸਜ਼ਾ ਹੀ ਬਣੀ ਹੈ
ਅਜੇ ਜ਼ਿੰਦਗੀ ਵੇਖ ਕੀ ਕੀ ਬਣੇਗੀ

ਉਦਾਸੀ ਦੀ ਧੁੰਦ 'ਚੋਂ ਨਿਕਲ ਜਾਊਂ ਭਲਕੇ
ਹਾਂ, ਇਹ ਹੈ ਕਿ ਤੇਰੀ ਕਮੀ ਤਾਂ ਚੁਭੇਗੀ

✯

ਖ਼ੁਦ ਬਖ਼ੁਦ ਸੰਬਰ ਗਏ ਕਈਆਂ ਦੇ ਰਸਤੇ
ਇੱਕ ਵਟ ਕੀ ਪੈ ਗਿਆ ਰਿਸ਼ਤੇ 'ਚ ਅਪਣੇ

ਗ਼ੈਰ ਤਾਂ ਬਸ ਰਹਿ ਗਏ ਮਨਸੂਬੇ ਘੜ੍ਹਦੇ
ਅਪਣਿਆਂ ਨੇ ਇਸ ਕਦਰ ਬਰਬਾਦ ਕੀਤੇ

ਵਧ ਗਿਆ ਕੀ ਫ਼ਾਸਲਾ ਤੇਰੇ ਮੇਰੇ ਵਿਚ
ਫੇਰ ਦੁਸ਼ਮਣ ਹੋ ਗਏ ਅਪਣੇ ਇਕੱਠੇ

ਲਾ ਗਏ ਵਾਰਸ ਹੀ ਜਾਂ ਨੀਹਾਂ ਨੂੰ ਖੋਰਾ
ਦੁਸ਼ਮਣਾਂ ਦੇ ਘਰ 'ਚ ਆਪੇ ਜਸ਼ਨ ਹੋਣੇ

ਚੁੰਮ ਕੇ ਹੋਠਾਂ ਨਾਲ ਤਲਵਾਰਾ ਫੜਾਵੋ
ਜੰਗ ਅੰਦਰ ਕੰਮ ਨਾ ਆਉਣੇ ਇਹ ਟਿੱਕੇ

ਤੋੜ ਕੇ ਤਾਂ ਇਸ ਤਰ੍ਹਾਂ ਉਹ ਜਾ ਰਿਹਾ ਏ
ਜਿਸ ਤਰ੍ਹਾਂ ਮੁੜ ਕੇ ਕਦੇ ਆਉਣਾ ਨਾ ਖੰਨੇ

✵

ਮਿਲੇ ਜਦ ਵੀ, ਹਮੇਸ਼ਾ ਉਮਰ ਲੰਮੀ ਦੀ ਦੁਆ ਦੇਵੇ
ਤੇ ਖ਼ਾਹਿਸ਼ ਜੀਣ ਦੀ ਇਕ ਮੇਰੇ ਅੰਦਰ ਫਿਰ ਜਗਾ ਦੇਵੇ

ਜਦੋਂ ਉਹ ਹੱਸੇ ਹਰਕਤ ਪੱਥਰਾਂ ਵਿਚ ਹੋਣ ਲਗ ਜਾਂਦੀ
ਉਹ ਲਾ ਕੇ ਹੇਕ ਦੀਪਕ ਰਾਗ ਦੀ ਦੀਵੇ ਜਗਾ ਦੇਵੇ

ਇਕ ਉਹਦੇ ਛੁਹਣ 'ਤੇ ਹੀ ਕੰਡਿਆਂ ਨੂੰ ਕੌਂਪਲਾਂ ਫੁੱਟਣ
ਤੇ ਬਣ ਜਾਏ ਸਿਤਾਰਾ ਜੇ ਉਹ ਜ਼ੱਰੇ ਨੂੰ ਪਨਾਹ ਦੇਵੇ

ਉਹ ਜਦ ਵੀ ਮਿਲਦਾ ਏ ਮੈਂ ਪੁੱਛਦਾਂ ਇਕ ਹੀ ਸਵਾਲ ਉਸਨੂੰ
ਮਗਰ ਉਹ ਹੈ ਕਿ ਬਸ ਹਰ ਵਾਰ ਚੁਪ ਰਹਿ ਕੇ ਰੁਲਾ ਦੇਵੇ

ਕੋਈ ਬਖ਼ਸ਼ਿਸ਼ ਅਵੱਲੀ ਲੱਗਦੀ ਏ ਮੈਨੂੰ ਉਸ 'ਤੇ ਜੋ
ਉਹ ਛੁਹ ਕੇ ਜ਼ਰਦ ਪੱਤੀ ਨੂੰ ਬਸੰਤੀ ਫੁਲ ਬਣਾ ਦੇਵੇ

ਇਹ ਉਸ ਬੇ-ਕਿਰਕ ਦੇ ਹੀ ਸ਼ੌਂਕ ਪਾਲੇ ਹੋਏ ਨੇ ਐਸੇ
ਕਿ ਚਿੜੀਆਂ ਸ਼ਾਮ ਵੇਲੇ ਬਿਰਖ਼ ਤੋਂ ਅਕਸਰ ਉਡਾ ਦੇਵੇ

ਉਹ ਅਜ ਵੀ ਜੂਨ ਦੀ ਪੰਦਰ੍ਹਾਂ ਨੂੰ ਆਉਂਦਾ ਹੋਏਗਾ ਸ਼ਿਮਲੇ
ਪਤਾ ਨੀ ਕਿਹੜਾ ਮੌਸਮ ਕਿਸ ਸਮੇਂ ਵਿਛੜੇ ਮਿਲਾ ਦੇਵੇ

ਸਰਾਪੀ ਉਮਰ ਹੈ ਉਸਦੀ ਜ਼ਰਾ ਦੂਰੀ ਬਣਾ ਕੇ ਰਹਿ
ਕਿਤੇ ਉਹ ਸ਼ਖ਼ਸ ਤੈਨੂੰ ਲਾਗ ਨਾ ਅਪਣੀ ਲਗਾ ਦੇਵੇ

ਮੁਹੱਰਮ ਆਪਣੀ ਰਫ਼ਤਾਰ ਚਲਦੀ ਆ ਹੀ ਜਾਂਦੀ ਏ
ਕਲੰਡਰ ਈਦਾਂ ਭਰਿਆ ਕਿਸ ਤਰ੍ਹਾਂ ਕੋਈ ਬਣਾ ਦੇਵੇ

ਮਖੌਟੇ ਜ਼ਿੰਦਗੀ ਨੇ ਵੀ ਹਜ਼ਾਰਾਂ ਪਹਿਨ ਰੱਖੇ ਨੇ
ਕਦੇ ਕੋਈ ਦਿਖਾ ਦੇਵੇ, ਕਦੇ ਕੋਈ ਦਿਖਾ ਦੇਵੇ

ਦਿਨੋਂ ਦਿਨ ਵਧ ਰਹੀ ਏ ਬੇ-ਵਿਸਾਹੀ ਘਰਦਿਆਂ ਵਿਚ ਹੁਣ
ਪਤਾ ਨੀ ਕੌਣ ਕਿਹੜੇ ਵਕਤ ਕੀ ਇਲਜ਼ਾਮ ਲਾ ਦੇਵੇ

ਮੈਂ ਸਾਰੀ ਉਮਰ ਹੀ ਉਸ ਚੌਂਕ 'ਤੇ ਖੜ੍ਹ ਕੇ ਬਿਤਾ ਦਿੱਤੀ
ਸਿਰਫ਼ ਏਸੇ ਤਵੱਕੋ ਵਿਚ ਕਿ ਸ਼ਾਇਦ ਉਹ ਸਦਾ ਦੇਵੇ

*

ਡਟ ਕੇ ਕੋਈ ਵੀ ਨਾ ਪਰ ਖੋਲ੍ਹਦਾ ਮਿਲਿਆ
ਇਸ ਸ਼ਹਿਰ ਵਿਚ ਹਰ ਕੋਈ ਡੋਲਦਾ ਮਿਲਿਆ

ਉਂਞ ਉਹ ਦਸਦਾ ਨਹੀਂ ਕੀ ਗੁਆਚਾ ਏ
ਪਰ ਹਮੇਸ਼ਾ ਕੁਝ ਨਾ ਕੁਝ ਟੋਲਦਾ ਮਿਲਿਆ

ਕੌਣ ਪੜ੍ਹਦਾ ਹੈ ਲਿਖੀ ਦਿਲ 'ਤੇ ਈਬਾਰਤ
ਹਰ ਕੋਈ ਅਪਣਾ ਹੀ ਦੁਖ ਫੋਲਦਾ ਮਿਲਿਆ

ਕਰ ਰਿਹਾ ਸੀ ਦਾਅਵੇ ਭੁਲ ਜਾਣ ਦੇ ਮੈਨੂੰ
ਕਲ੍ਹ 'ਰਿਕਾਰਡ' 'ਚੋਂ ਪਤਾ ਟੋਲਦਾ ਮਿਲਿਆ

ਜਦ ਵੀ ਅਪਣੀ ਚੁੱਪ ਦੀ 'ਵਾਜ਼ ਸੁਣਦਾ ਹਾਂ
ਧੜਕਣਾਂ ਅੰਦਰ ਉਹ ਹੀ ਬੋਲਦਾ ਮਿਲਿਆ

✵

ਉਹ ਚਾਹੁੰਦੇ ਪਾ ਹੀ ਲੈਂਦੇ ਆਲ੍ਹਣੇ ਤਕ ਅੰਬਰਾਂ ਉੱਤੇ
ਉਡਣ ਸੀ ਜਾ ਰਹੇ ਜੋ ਨਾਂ ਤੇਰਾ ਲਿਖ ਕੇ ਪਰਾਂ ਉੱਤੇ

ਨਾ ਮੈਂ ਹੀ ਭੁੱਲਦਾਂ ਤੇ ਨਾ ਸਮਾਂ ਭੁੱਲਣ ਹੀ ਦਿੰਦਾ ਏ
ਅਜੇ ਵੀ ਨਾਂ ਲਿਖੇ ਮਿਲਦੇ ਨੇ ਤੇਰੇ ਪੁਸਤਕਾਂ ਉੱਤੇ

ਚੁਰਾਸੀ ਤਾਂ ਕਦੋਂ ਦਾ ਲੰਘ ਚੁੱਕਾ ਏ ਮਗਰ ਅਜ ਵੀ
ਪੜ੍ਹੇ ਜਾ ਸਕਦੇ ਨੇ ਉਹ ਹਾਦਸੇ ਕੁਝ ਚਿਹਰਿਆਂ ਉੱਤੇ

ਖ਼ੁਦਾ ਦੇ ਵਾਸਤੇ ਨਾ ਇਸ ਕਦਰ ਮਾਯੂਸ ਹੋਇਆ ਕਰ
ਟਿਕੀ ਹੈ ਮੇਰੀ ਤਾਂ ਕਾਇਨਾਤ ਇਹਨਾਂ ਹਾਸਿਆਂ ਉੱਤੇ

ਅਵੱਲੀ ਖੇਡ ਹੈ ਉਸਦੀ ਅਵੱਲਾ ਹੈ ਹੁਨਰ ਉਸਦਾ
ਉਹ ਬਾਜ਼ੀ ਹੀ ਪਲਟ ਦਿੰਦਾ ਲਗਾ ਕੇ ਹਾਰਿਆਂ ਉੱਤੇ

ਛੁਪਾ ਕੇ ਰੱਖਦਾ ਏ ਨਾਂ ਪਤਾ ਮੇਰੇ ਤੋਂ ਉਹ ਭਾਂਵੇ
ਮੁਹਰ ਖੰਨੇ ਦੀ ਅਕਸਰ ਵੇਖਦਾਂ ਪਰ ਚਿੱਠੀਆਂ ਉੱਤੇ

*

ਕੋਈ ਦੱਸੇ, ਕਿਵੇਂ ਅਜ-ਕਲ੍ਹ ਬਸਰ ਉਹ ਕਰ ਰਹੀ ਏ ।
ਸੁਭਾ ਹੁਣ ਹੋ ਗਿਆ ਕੈਸਾ, ਕਿਵੇਂ ਦੀ ਹੋ ਗਈ ਏ?

ਸਿਤਾਰਾ ਜਦ ਕਦੀ ਵੀ ਟੁੱਟਿਆ ਉਹ ਵੇਖਦੀ ਹੈ
ਅਜੇ ਵੀ ਕੀ ਮੁਰਾਦਾਂ ਮੇਰੀਆਂ ਹੀ ਮੰਗਦੀ ਏ?

ਅਜੇ ਵੀ ਮੱਸਿਆ ਦਾ ਅਕਸ ਹੈ ਵਾਲਾਂ 'ਚ ਉਸਦੇ
ਅਜੇ ਵੀ ਉਹਦਿਆਂ ਨੈਣਾਂ 'ਚੋਂ ਸਰਘੀ ਝਲਕਦੀ ਏ?

ਘੁਲੇ ਨਾ ਉਹ ਕਿਸੇ ਦੇ ਨਾਲ ਘਰ ਵਿਚ ਬੈਠ ਰਹਿੰਦੀ
ਕੀ 'ਕੱਲੀ ਬਹਿ ਕੇ ਸਾਰਾ-ਸਾਰਾ ਦਿਨ ਉਹ ਸੋਚਦੀ ਏ ?

ਬਣੀ ਪਿੰਡੋਂ ਪਰ੍ਹਾਂ ਉਸ ਪੀਰ ਦੀ ਥਾਂ 'ਤੇ ਮੇਰੇ ਨਾਂਅ
ਅਜੇ ਵੀ ਰੋਜ਼ ਦੀਵਾ ਸ਼ਾਮ ਨੂੰ ਇਕ ਬਾਲਦੀ ਏ?

✵

ਕੱਢ ਕੇ ਅਲਬਮ ਜਦੋਂ ਵੀ ਪਰਤਿਆਂ ਗੁਜ਼ਰੇ ਦਿਨਾਂ ਨੂੰ
ਯਾਦ ਕਰਕੇ ਰੋ ਪਿਆ ਮੈਂ ਆਪਣੇ ਹੀ ਛਡ ਗਿਆਂ ਨੂੰ

ਇੱਕ ਦੂਜੇ ਨੂੰ ਕਿਵੇਂ ਪਹਿਲੀ ਨਜ਼ਰ ਪਹਿਚਾਣ ਜਾਂਦੇ
ਵਕਤ ਵੀ ਤਾਂ ਵੇਖ ਕਿੰਨਾ ਹੋ ਗਿਆ ਏ ਵਿਛੜਿਆਂ ਨੂੰ

ਸਭ ਨੂੰ ਤਾਂ ਮਿਲ ਕੇ ਗਿਆ ਇਕ ਸਾਡਾ ਹੀ ਚੇਤਾ ਰਿਹਾ ਨਾ
ਪਹਿਲਾ ਹੀ ਤਾਂ ਘਰ ਸੀ ਨਾਲੇ ਪਿੰਡ ਅੰਦਰ ਵੜਦਿਆਂ ਨੂੰ

ਬਾਜ਼ੀ ਜਿਤ ਚੁੱਕੇ ਖਿਲਾੜੀ ਬਸ ਖੁਸ਼ੀ ਦਿਖਲਾ ਸਕਣਗੇ
ਜਿੱਤ ਕਿਹੜੀ ਸ਼ੈ ਦਾ ਨਾਂ ਏ ਇਹ ਪਤਾ ਬਸ ਹਾਰਿਆਂ ਨੂੰ

ਸੁੱਕ ਚੁੱਕੇ ਬਾਗ਼ ਦੇ ਓ ਮਾਲੀਓ ! ਸਾਭੋਂ ਖ਼ਿਜ਼ਾਵਾਂ
ਕੀ ਪਤਾ ਸੀ ਅਹਿ ਖ਼ਬਰ ਮਿਲਣੀ ਏ ਸਾਨੂੰ ਪਰਤਿਆਂ ਨੂੰ

ਸਮਝ ਜਾਏਂਗਾ ਕਿਸੇ ਦਿਨ ਦਰਦ ਮੇਰੇ ਦਿਲ ਦਾ ਤੂੰ ਵੀ
ਜਦ ਕੋਈ ਪਿਆਰਾ ਤੇਰਾ ਵੀ ਮੁੜ ਕੇ ਨਾ ਆਇਆ ਘਰਾਂ ਨੂੰ

ਕਿਸ ਤਰ੍ਹਾਂ ਦਾ ਸ਼ਖ਼ਸ ਹੈ ਜੋ ਛੱਡ ਕੇ ਜਿੱਤਾਂ ਦੇ ਜਸ਼ਨ
ਦੇਖ ਕੇ ਪਿੱਛੇ ਨੂੰ ਰੋ ਰੋ ਯਾਦ ਕਰਦਾ ਰਸਤਿਆਂ ਨੂੰ

ਰੇਤ ’ਤੇ ਤਸਵੀਰ ਉਸਦੀ ਅੱਜ ਵੀ ਦੇਵਾਂ ਉਲੀਕ
ਵੱਖਰੀ ਗਲ ਹੈ ਕਿ ਉਮਰਾਂ ਬੀਤੀਆਂ ਵਖ ਹੋ ਗਿਆਂ ਨੂੰ

ਹੈ ਭੀੜ ਤਾਂ ਬਹੁਤ ਕੋਈ ਅਪਣਾ ਨਾ ਪਰ ਦਿਸੇ
ਮੈਂ ਲੱਭਦਾ ਹਾਂ, ਆਸ਼ਨਾ ਚਿਹਰਾ ਨਾ ਪਰ ਦਿਸੇ

ਕਿਧਰੇ ਖ਼ੁਦਾ ਦਿਸੇ ਤੇ ਕਿਧਰੇ ਪਾਰਸਾ ਦਿਸੇ
ਤੇਰੇ ਜਹਾਨ ਵਿਚ ਕੋਈ ਬੰਦਾ ਨਾ ਪਰ ਦਿਸੇ

ਸਾਹਵੇਂ ਖਲੋ ਕੇ ਆਇਨੇ ਦੇ ਵੇਖਦਾਂ ਜਦੋਂ
ਦਿਸਦੈ ਜ਼ਰੂਰ ਅਕਸ ਤਾਂ, ਅਪਣਾ ਨਾ ਪਰ ਦਿਸੇ

ਦਸਦੇ ਨੇ ਯਾਰ ਵੈਸੇ ਬਹੁਤ ਬਦਲਿਆ ਨਹੀਂ
ਹਾਂ, ਮੈਂ ਗਿਆ ਜਦੋਂ ਤੋਂ ਉਹ ਹਸਦਾ ਨਾ ਪਰ ਦਿਸੇ

ਇਹ ਮੰਝਧਾਰ ਹੈ ਕਿਵੇਂ ਦੀ ਮੇਰੇ ਰਾਹ ਵਿਚ
ਮੈਂ ਚੌਕ ਤੇ ਖੜਾਂ ਕੋਈ ਰਸਤਾ ਨਾ ਪਰ ਦਿਸੇ

✵

ਜਦੋਂ ਵੀ ਕਰ ਕੇ ਦਸਤਕ ਬੂਹੇ 'ਤੇ ਲੰਘਣ ਹਵਾਵਾਂ
ਦਰਾਂ ਤੋਂ ਪਰਤ ਕੇ ਮੈਂ ਹੋਰ ਵੀ ਤਨਹਾ ਹੋ ਜਾਵਾਂ

ਬਿਖ਼ਰਦੀ ਵੇਖ ਕੇ ਤਰਤੀਬ ਘਰ ਦੀ ਖ਼ੁਦ ਬਖ਼ੁਦ ਹੀ
ਕਮੀ ਜ਼ਾਹਰ ਹੋ ਜਾਂਦੀ ਤੇਰੀ ਮੈਂ ਤਾਂ ਫਿਰ ਛੁਪਾਵਾਂ

ਮੈਂ ਅਕਸਰ ਨੀਂਦ ਵਿਚ ਇਕ ਬੇਪਛਾਣਾ ਮੋੜ ਵੇਖਾਂ
ਤੇ ਓਥੋਂ ਜਾਣੀਆਂ ਪਹਿਚਾਣੀਆਂ ਆਵਣ ਸਦਾਵਾਂ

ਕਿਵੇਂ ਬਣ ਜਾਣ ਤੇਰੇ ਨਕਸ਼ ਮੈਥੋਂ ਸਹਿ ਸੁਭਾ ਹੀ
ਕਿਸੇ ਕੈਨਵਸ 'ਤੇ ਮੈਂ ਤਸਵੀਰ ਜਦ ਕੋਈ ਬਣਾਵਾਂ

✵

ਹਰ ਗਲੀ ਚੌਂਕ ’ਤੇ ਇਹ ਖ਼ਬਰ ਕਰ ਦਿਓ
ਮਕਤਲਾਂ ਵਿਚ ਨਗਾਰੇ ਵਜਾਉਣੇ ਅਸੀਂ
ਸ਼ੌਂਕ ਸਾਡੇ ਇਹ ਸਾਥੋਂ ਤਾਂ ਛੁਟਣੋਂ ਰਹੇ
ਜੇਤੂ ਫ਼ਰਮਾਨ ਘਰ-ਘਰ ਸੁਣਾਉਣੇ ਅਸੀਂ

ਰੋਕ ਲਉ ਰੋਕ ਸਕਦੇਂ ਓਂ ਰਫ਼ਤਾਰ ਜੇ,
ਦੇ ਰਹੇ ਹਾਂ ਨਿਓਤਾ, ਆ ਵਾਹ ਲਾ ਲਵੋ
ਹਾਂ ਹਾਂ ਮਕਤਲ ਦੀ ਹਰ ਇੱਕ ਦੀਵਾਰ ’ਤੇ
ਸੁਖ਼ਨ-ਸਾਜ਼ਾਂ ਦੇ ਚਿੱਤਰ ਸਜਾਉਣੇ ਅਸੀਂ

ਅਰਦਲੀ ਜੇ ਹਨ੍ਹੇਰੇ ਦਾ ਬਣ ਹੀ ਗਿਐਂ
ਜਾਹ ਇਹ ਫ਼ਰਮਾਨ ਸਾਡਾ ਵੀ ਪੁਜਦਾ ਕਰੀਂ
ਅੱਜ ਤੋਂ ਹੈ ਸਵੇਰੇ ਨੂੰ ਸਾਡੀ ਪਨਾਹ
ਹਰ ਚੁਰਾਹੇ ਤੇ ਦੀਵੇ ਜਗਾਉਣੇ ਅਸੀਂ

ਰਖ ਲਿਆ ਤੂੰ ਹਨ੍ਹੇਰੇ 'ਚ ਸਾਨੂੰ ਬੜਾ
ਹੁਣ ਕਿਸੇ ਕਲਮ ਵਿਚ ਸਾਡਾ ਵਿਸ਼ਵਾਸ ਨਾ
ਫ਼ੈਸਲਾ ਹੈ ਕਿ ਹੁਣ ਤੇਗ਼ ਦੇ ਦਮ 'ਤੇ ਹੀ
ਆਪ ਅਪਣੇ ਮੁਕੱਦਰ ਬਣਾਉਣੇ ਅਸੀਂ

ਬੋਲ ਉੱਚਾ ਕਰੇ ਨਾ ਪਸੰਦ ਉਹ ਅਤੇ
ਸਖ਼ਤ ਨਫ਼ਰਤ ਰਹੀ ਜ਼ੁਲਮ ਤੋਂ ਸਾਨੂੰ ਵੀ
ਹੈ ਜੇ ਹੰਕਾਰ ਉਸਨੂੰ, ਹੈ ਜ਼ਿਦ ਸਾਡੀ ਵੀ
ਬੋਲ ਮੂੰਹੋਂ ਕਹੇ ਜੋ ਪੁਗਾਉਣੇ ਅਸੀਂ

ਉਹ ਜੇ ਇਤਰਾਜ਼ ਕਰਦੈ ਜੀਅ ਸਦਕੇ ਕਰੇ
ਜਾਨ ਅਜ ਤੋਂ ਤਲੀ 'ਤੇ ਅਸੀਂ ਵੀ ਧਰੀ
ਜਸ਼ਨ ਵਾਂਗਰ ਮਨਾਉਣੀ ਹੈ ਹਰ ਮੱਸਿਆ
ਦੀਵਿਆਂ ਸੰਗ ਬਨੇਰੇ ਸਜਾਉਣੇ ਅਸੀਂ

✵

ਨਾ ਸੋਚ ਸੋਚ ਮੈਨੂੰ ਐਵੇਂ ਉਦਾਸ ਹੋਵੇ
ਉਸ ਨੂੰ ਕਹੋ ਕਿ ਉਹ ਨਾ ਐਨਾ ਬੇ-ਆਸ ਹੋਵੇ

ਏਨਾ ਨਾ ਮੋਹ ਪਾਵੇ, ਕਲ੍ਹ ਨੂੰ ਜੁਦਾ ਵੀ ਹੋਣੈ
ਕੁਝ ਇਹਤਿਆਤ ਵਰਤੇ, ਏਨਾ ਨਾ ਪਾਸ ਹੋਵੇ

ਮੈਨੂੰ ਗਿਲਾ ਨਹੀਂ ਕਿ ਕੋਲੋਂ ਦੀ ਲੰਘ ਜਾਂਦਾ
ਕਹਿ ਕੇ ਵੀ ਜਦ ਨਾ ਆਵੇ ਮਨ ਤਾਂ ਉਦਾਸ ਹੋਵੇ

ਚਿਹਰਾ ਉਦਾਸ ਤੇਰਾ ਕਰ ਜਾਏ ਖ਼ਾਕ ਮੈਨੂੰ
ਇਕ ਤੇਰਾ ਮੁਸਕਰਾਉਣਾ ਜੀਵਨ ਦੀ ਆਸ ਹੋਵੇ

ਮੈਂ ਮੰਨਿਆ ਕਿ ਮੇਰੀ ਦੀਵਾਨਗੀ ਅਜਬ ਹੈ
ਦੂਰੀ ਇਹ ਵਧ ਰਹੀ ਪਰ ਉਸਨੂੰ ਤਾਂ ਰਾਸ ਹੋਵੇ

ਰੰਗਾਂ ਦੀ ਮਹਿਕ ਆਵੇ, ਰੁਤ ਚਹਿਕ ਚਹਿਕ ਜਾਵੇ
ਏਥੇ ਕਿਤੇ ਹੀ ਜੀਂਕਣ ਉਹ ਆਸ ਪਾਸ ਹੋਵੇ

ਵਾਕਿਫ਼ ਹਾਂ ਮੈਂ ਚਿਰਾਂ ਦਾ ਉਸ ਸ਼ਖ਼ਸ ਦੇ ਸੁਭਾ ਤੋਂ
ਦਿਨ ਭਰ ਰਹੇ ਉਹ ਹਸਦਾ ਜਦ ਵੀ ਉਦਾਸ ਹੋਵੇ

✵

ਪੈਰਾਂ ਦੇ ਤਲੇ ਉਸਦੇ ਕੈਸਾ ਇਹ ਸਫ਼ਰ ਆਇਆ
ਸਭ ਤੋੜ ਗਿਆ ਸਾਂਝਾਂ, ਮੁੜ ਕੇ ਨਾ ਉਹ ਘਰ ਆਇਆ

ਇਹ ਸਾਲ ਕੇਹਾ ਚੜ੍ਹਿਆ, ਕਿਸੇ ਔਤਣ ਦਾ ਟੂਣਾ
ਹਰ ਵੇਰ ਕੋਈ ਮਾੜੀ ਲੈ ਦਰ 'ਤੇ ਖ਼ਬਰ ਆਇਆ

ਕੀ ਯਾਰ ਮੇਰੇ ਉਸਦੇ, ਹਰ ਥਾਂ ਪੁਛ ਕੀਤੀ ਮੈਂ
ਓਝਲ ਇਉਂ ਹੋਇਆ ਬਸ, ਮੁੜ ਕੇ ਨਾ ਨਜ਼ਰ ਆਇਆ

ਉਹ ਡੁੱਬ ਰਿਹਾ ਸੂਰਜ, ਸਭ ਪਰਤ ਰਹੇ ਘਰ ਵਲ
ਇਹ ਵੇਖ ਪਤਾ ਨੀ ਕਿਉਂ ਮੇਰਾ ਗਚ ਭਰ ਆਇਆ

ਅੱਕਾਂ ਨੂੰ ਲਗਾਉਂਦੇ ਨੇ ਇਹ ਵਾੜ ਗ਼ੁਲਾਬਾਂ ਦੀ
ਯਾਰਾ ਇਹ ਤੂੰ ਮੈਨੂੰ, ਲੈ ਕੈਸੇ ਨਗਰ ਆਇਆ

✵

ਮੈਂ ਅਪਣੇ ਦਿਲ 'ਚੋਂ ਕਢ ਕੇ ਵਸਲ ਦੇ ਸਾਰੇ ਦਿਨਾਂ ਨੂੰ
ਬਣਾ ਕੇ ਆਸ਼ਨਾ ਬੈਠਾਂ ਜੁਦਾਈ ਦੇ ਪਲਾਂ ਨੂੰ

ਕਿਸੇ ਨੇ ਪੁੱਟਿਆ ਵੀ ਐਸਾ ਅਪਣੇ ਰਸਤਿਆਂ ਨੂੰ
ਕਿ ਉਮਰਾਂ ਲੰਘ ਗਈਆਂ ਮੁੜ ਇਕੱਠੇ ਹੁੰਦਿਆਂ ਨੂੰ

ਜਗੀਰਾਂ ਤੋਂ ਸ਼ੁਰੂ ਹੋ ਕੇ ਜ਼ਮੀਰਾਂ ਤਕ ਜਾ ਪੁੱਜੇ
ਰਿਹਾ ਨਾ ਖ਼ਿਆਲ ਹੀ ਯਾਰੋ ਸਫ਼ਰ ਦਾ ਵਿਕਦਿਆਂ ਨੂੰ

ਉਨ੍ਹਾਂ ਦੇ ਅਰਥ ਮੇਰੇ ਦਿਲ 'ਚ ਅਜ ਵੀ ਸੁਲਘਦੇ ਨੇ
ਕਦੋਂ ਦੇ ਭੁਲ ਗਏ ਜੋ ਸ਼ਬਦ ਅਪਣੇ ਕਹਿ ਗਿਆਂ ਨੂੰ

ਬਹੁਤ ਪਿੱਛੇ ਹਾਂ ਛਡ ਆਏ ਸਮਾਂ ਸੰਭਲਣ ਦਾ ਆਪਾਂ
ਕੀ ਹੁਣ ਮਾਤਮ ਮਨਾਉਣਾ ਯਾਦ ਕਰ ਗੁਜ਼ਰੇ ਦਿਨਾਂ ਨੂੰ

ਉਹ ਜਿਹੜੇ ਜ਼ਖ਼ਮ ਦੋ ਪਲ ਦੀ ਜੁਦਾਈ ਤੋਂ ਮਿਲੇ ਸੀ
ਜ਼ਮਾਨਾ ਹੋ ਗਿਐ ਸਾਨੂੰ, ਉਨ੍ਹਾਂ ਨੂੰ ਭਰਦਿਆਂ ਨੂੰ

ਕਿਸੇ ਮੰਜ਼ਿਲ ਦਾ ਖਬਰੇ ਕਦ ਮਿਲੇਗਾ ਥਹੁ-ਟਿਕਾਣਾ
ਖ਼ਲਾਅ ਵੀ ਆ ਗਿਆ ਮੁੱਕਣ 'ਤੇ ਸਾਨੂੰ ਉਡਦਿਆਂ ਨੂੰ

✵

ਨੇੜਤਾ ਜਦ ਵਧੀ ਸਾਹ ਵੀ ਫਿਰ ਚੁਭੇ
ਸ਼ਕਲ ਤਕ ਨਾ ਦਿਸੀ ਫ਼ਾਸਲੇ ਜਦ ਵਧੇ

ਥਿਰਕਦੇ ਨੂੰ ਸਹਾਰਾ ਦੇ ਸਕਿਆ ਨਾ ਜੋ
ਲਸ਼ਕਰਾਂ ਨਾਲ਼ ਪੁੱਜਾ, ਕਦਮ ਕੀ ਟਿਕੇ

ਘੁੰਮ  ਗਏ ਦਿਨ ਪੁਰਾਣੇ ਨਜ਼ਰ ਮੁਹਰਿਓਂ
ਕਲ੍ਹ ਪੁਰਾਣੇ ਜਦੋਂ ਫਿਰ ਤੇਰੇ ਖ਼ਤ ਪੜ੍ਹੇ

ਫੇਰਿਆ ਉਸ ਤਰਫ਼ ਮੁਖ ਮਿਰੇ ਤੋਂ ਉਨ੍ਹਾਂ
ਇਸ ਤਰਫ਼ ਕਾਗ਼ਜ਼ਾਂ 'ਤੇ ਮੈਂ ਅੱਖਰ ਧਰੇ

ਬਾਤ ਵੀ ਤਾਂ ਪੁਰਾਣੀ ਬਹੁਤ ਹੋ ਗਈ
ਉਹ ਕੁੜੀ ਅੱਜ ਵੀ ਜਿਉਂ ਮੇਰੇ ਨਾਲ ਏ

✵

ਜਗਦੇ ਚਿਰਾਗ਼ ਬਣ ਕੇ ਮਚਲਾ ਬੁਝੌਣ ਜਾਣੇ
'ਕੱਠ ਕਰਕੇ ਚੌਕ 'ਤੇ ਜਾਂ ਮੌਜੂ ਉਡੌਣ ਜਾਣੇ

ਸਾਹਵੇਂ ਖਲ੍ਹੋ ਕੇ ਜਾਂ ਤਾਂ ਸੰਨ੍ਹਾਂ ਲਵੌਣ ਜਾਣੇ
ਜਾਂ ਫਿਰ ਦਰੋਗਿਆਂ ਨੂੰ, ਰਪਟਾ ਲਿਖੌਣ ਜਾਣੇ

ਕਰਵਾ ਕੇ ਕਤਲ ਆਪੇ, ਹੰਝੂ ਵਹੌਣ ਜਾਣੇ
ਜਾ ਕੇ ਮਜ਼ਾਰ 'ਤੇ ਜਾਂ, ਚਾਦਰ ਚੜੌਣ ਜਾਣੇ

ਸੁਪਨੇ ਕਿਸੇ ਦੇ ਸਮਝੇਂ, ਕੀ ਹੈਸਿਅਤ ਇਹ ਤੇਰੀ
ਤੂੰ ਤਾਂ ਸ਼ੁਗਲ ਲਈ ਬਸ, ਕਿੱਸੇ ਬਨੌਣ ਜਾਣੇ

ਆਪੇ ਬੁਰਾ ਪਵਾ ਕੇ ਧਰਵਾਸ ਦੇਵੇਂ ਆਪੇ
ਆਪੇ ਕੁਰੇਦ ਕੇ ਫੱਟ, ਮੱਲ੍ਹਮ ਵੀ ਲੌਣ ਜਾਣੇ

ਘਰ ਫੂਕ ਕੇ ਤਮਾਸ਼ਾ ਵੇਖਣ ਦੇ ਚਾਅ ਇਹ ਕੈਸੇ
ਕਰ ਕੇ ਹਨ੍ਹੇਰ 'ਅੰਦਰ', ਕੋਠੇ ਜਗੌਣ ਜਾਣੇ

'ਸਾਮੀ ਨਜ਼ਰ ਪਏ ਜੇ, ਜਾਣੇ ਜਾਂ ਪੈੜ ਦਬਣੀ
ਮੁਖ 'ਤੇ ਲਿਟਾਂ ਗਿਰਾ ਕੇ, ਪਿੱਛੇ ਜਾਂ ਲੌਣ ਜਾਣੇ

ਹੁਣ ਤੱਕ ਕੀ ਹੈ ਸਿੱਖਿਆ, ਚੁਗਲੀ ਜਾਂ ਨਿੰਦਾ ਕਰਨੀ
ਕਰਕੇ ਜਾਂ ਚਾਪਲੂਸੀ, ਪਾੜੇ ਪਵੌਣ ਜਾਣੇ

ਚਿੰਤਾ ਨਾ ਤੈਨੂੰ ਅਜ ਦੀ, ਨਾ ਆਖ਼ਰੀ ਸਮੇਂ ਦੀ
ਲਾ-ਲਾ ਕੇ ਦੋਸ਼ ਝੂਠੇ, ਸਿਰ ਤਕ ਲਹੌਣ ਜਾਣੇ

ਘਰ ਵੀਰ ਦਾ ਹੀ ਹੋਵੇ, ਵਸਦਾ ਪਸੰਦ ਨਾ ਪਰ
ਕਰ-ਕਰ ਕੇ ਹੇਠ-ਉੱਤਾ, ਰਿਸ਼ਤੇ ਤੜੌਣ ਜਾਣੇ

ਆਉਂਦੇ ਫ਼ਰੇਬ ਸਦਕੇ, ਸਭ ਪੈਂਤਰੇ ਵੀ ਸ਼ਾਲਾ!
ਰੋਂਦੇ ਦਵੇਂ ਹਸਾ ਤੂੰ, ਹਸਦੇ ਰਵੌਣ ਜਾਣੇ

ਜੋ ਦਾਤ ਨੇ ਖ਼ੁਦਾ ਦੀ, ਤੈਨੂੰ ਸਰਾਪ ਲਗਦੇ
ਨਿੱਘੇ ਜਹੇ ਇਹ ਰਿਸ਼ਤੇ, ਕਿਉਂ ਨਾ ਨਿਭੌਣ ਜਾਣੇ

*

ਖ਼ਾਕ ਹੋ ਜਾਣਗੇ ਖ਼ਾਬ ਇਕ ਦਿਨ ਮੇਰੇ
ਇਹ ਉਮੀਦਾਂ ਦੇ ਘਰ ਰੇਤ ਦੇ ਹੋਣਗੇ
ਕੀ ਪਤਾ ਸੀ ਮੇਰੇ ਰਾਹਾਂ ਵਿਚ ਵੀ ਕਦੇ
ਇਸ ਤਰ੍ਹਾਂ ਬੇ-ਪਨਾਹ ਹਾਦਸੇ ਹੋਣਗੇ

ਹੈ ਸਹੀ ਇਹ ਕਿ ਕੁਝ ਇਸ ਤਰ੍ਹਾਂ ਸੀ ਮਿਲੇ
ਦੋ ਪਲਾਂ ਦੇ ਹੀ ਸਾਥੀ ਅਸੀਂ ਬਣ ਸਕੇ
ਬੈਠ ਚੁਪ-ਚਾਪ ਫਿਰ ਵੀ ਮੇਰੇ ਵਾਂਗ ਉਹ
ਕੁਝ ਨਾ ਕੁਝ ਲਾਜ਼ਮੀ ਸੋਚਦੇ ਹੋਣਗੇ

ਨਾਮ ਪੌਣਾਂ ਤੇ ਲਿਖਿਆ ਹੋਵੇਗਾ ਉਹਦਾ
ਗੂੰਜਦੀ ਉਹ ਫਿਰੇਗੀ ਘਟਾ ਵਾਗਰਾਂ
ਝੜ ਕੇ ਪੀਲੇ ਤੇ ਸੁੱਕੇ ਜੋ ਭੁਰ ਜਾਣਗੇ
ਉਹਨਾਂ ਪੱਤਾਂ ਤੇ ਮੇਰੇ ਪਤੇ ਹੋਣਗੇ

ਤੂੰ ਕਿਹਾ, ਮੇਰੇ ਨਾਂ ਤੂੰ ਬੜੇ ਖ਼ਤ ਲਿਖੇ
ਫਿਰ ਕਿਵੇਂ ਟੋਲਦੇ ਰਹਿ ਗਏ ਘਰ ਮੇਰਾ
ਜੋ ਲਿਖੇ ਹੀ ਨਹੀਂ ਮਿਲਦੇ ਉਹ ਕਿਸ ਤਰ੍ਹਾਂ
ਮਿਲਦੇ ਤਾਂ ਹੀ ਤਾਂ ਜੇ ਤੂੰ ਲਿਖੇ ਹੋਣਗੇ

ਭੁਲ ਗਿਆ ਇਸ ਤਰ੍ਹਾਂ, ਕਿਸ ਤਰ੍ਹਾਂ ਉਹ ਭਲਾ
ਨਾ ਰਿਹਾ ਯਾਦ ਇਹ ਵੀ ਕਿ ਖ਼ਤ ਪਾ ਦਿਆਂ
ਹੋਣਗੇ ਫ਼ਰਜ਼ ਉਸਦੇ ਵੀ ਅਪਣੇ ਕਈ
ਫੜ ਕੇ ਹਥ ਜੋ ਉਹਨੂੰ ਰੋਕਦੇ ਹੋਣਗੇ

ਮਨ 'ਚ ਲੈ ਕੇ ਕਸਕ ਕਰ ਦਿਖਾਉਣੇ ਦੀ ਕੁਛ
ਤੁਰ ਪਏ ਸੀ ਘਰੋਂ ਕਰ ਜਿਨ੍ਹਾ ਦਾ ਵਸਾਹ
ਕੀ ਪਤਾ ਸੀ ਵਟਾ ਲੈਣਗੇ ਰੰਗ ਉਹ
ਮਹਿਜ਼ ਪੱਤੇ ਕਿਸੀ ਤਾਸ਼ ਦੇ ਹੋਣਗੇ

✵

ਹਰ ਬਿਰਖ਼ ਅੰਦਰ ਦੋਸਤੋ ਜ਼ਰਦੀ ਸ਼ੁਮਾਰ ਹੈ
ਇਹ ਕਿਸ ਤਰ੍ਹਾਂ ਦੇ ਵੇਸ ਵਿਚ ਆਈ ਬਹਾਰ ਹੈ

ਕੋਈ ਖ਼ੁਦਾ ਨਾ ਬਹੁੜਦਾ ਉਸਨੂੰ ਬਚਾਉਣ ਨੂੰ
ਹੈ ਤੇਗ਼ ਜਿਸਦੇ ਹਥ 'ਚ ਪਰ ਨਜ਼ਰਾਂ 'ਚ ਹਾਰ ਹੈ

ਜਿਸ ਦਿਨ ਤੋਂ ਮੈਨੂੰ ਭੁੱਲਿਆ, ਸੁਣਿਐ ਉਦਾਸ ਹੈ
ਇਹ ਕਿਸ ਤਰ੍ਹਾਂ ਦੀ ਬੇਰੁਖ਼ੀ ਕੈਸਾ ਇਹ ਪਿਆਰ ਹੈ

ਇਹ ਦਰਦ ਬਣਿਆ ਆਸ਼ਨਾ ਜਾਨੋਂ ਅਜ਼ੀਜ਼ ਹੁਣ,
ਇਹ ਵੀ ਕਿਸੇ ਦੀ ਦੇਣ ਹੈ, ਇਕ ਯਾਦਗ਼ਾਰ ਹੈ

✵

ਚਿਹਰੇ ਉਦਾਸਿਆਂ ’ਤੇ ਰੰਗਾਂ ਦੇ ਨਕਸ਼ ਘੜਦਾਂ
ਬ੍ਹਾਂ ਡੁਬ ਰਹੇ ਦੀ ਫੜ ਕੇ ਹੋਣੀ ਨੂੰ ਮਾਤ ਕਰਦਾਂ

ਹਰ ਸ਼ਖ਼ਸ ਕਢ ਲਿਆਵਾਂ, ਫ਼ਿਕਰਾਂ ਦੀ ਗ਼ਾਰ ’ਚੋਂ ਮੈਂ
ਹਰ ਅੱਖ ਬੁਝ ਰਹੀ ’ਤੇ ਚਾਨਣ ਦੀ ਆਸ ਧਰਦਾਂ

ਜੋ ਔਕੜਾਂ ’ਚ ਦਘ੍ਹਦੇ, ਚਿਹਰੇ ਪਸੰਦ ਓਹੀ
ਡਿਗ-ਡਿਗ ਕੇ ਉਠਦਿਆਂ ਨੂੰ ਸਜਦੇ ਹਜ਼ਾਰ ਕਰਦਾਂ

ਮੈਂ ਚੁਪ ਨੂੰ ਗੀਤ ਦੇਵਾਂ, ਪੈਰਾਂ ਨੂੰ ਦੇਵਾਂ ਝਾਂਜਰ
ਹੋਠਾਂ ਨੂੰ ਦੇ ਕੇ ਹਾਸੇ, ਚਿਹਰੇ ਅਬਾਦ ਕਰਦਾਂ

ਮਕਤਲ ’ਚ ਜਾ ਲਗਾਵਾਂ ਕਲਮਾਂ ਗ਼ੁਲਾਬ ਦੀਆਂ
ਰੁਸਵਾ ਬਹਾਰ ਕਰਕੇ ਪਤਝੜ ’ਚ ਰੰਗ ਭਰਦਾਂ

ਮੱਥੇ ’ਤੇ ਲੇਖ ਲਿੱਖੇ, ਸਾਰੇ ਬਦਲ ਦਿਆਂ ਮੈਂ
ਸਖਣੀ ਤਲੀ ’ਤੇ ਐਸੇ ਮੈਂ ਮੋਰ ਪੰਖ ਧਰਦਾਂ

✵

ਹੁਣ ਤਾਂ ਹਰ ਮੰਜ਼ਰ ਜਿਵੇਂ ਸ਼ਮਸ਼ਾਨ ਬਣਦਾ ਜਾ ਰਿਹਾ
ਹੌਲੀ ਹੌਲੀ ਮੌਤ ਦਾ ਸਾਮਾਨ ਬਣਦਾ ਜਾ ਰਿਹਾ

ਹਰ ਸਮੇਂ ਇਉਂ ਮੇਰੀਆਂ ਗੱਲਾਂ 'ਚ ਹੈ ਹਾਜ਼ਿਰ ਰਿਹਾ
ਦਿਨ ਬਦਿਨ ਇਕ ਸ਼ਖ਼ਸ ਮੇਰੀ ਜਾਨ ਬਣਦਾ ਜਾ ਰਿਹਾ

ਪੀਣ ਜੋਗੇ ਪਾਣੀ ਨੂੰ ਵੀ ਤਰਸਿਆ ਕਰਨੈ ਤੁਸਾਂ
ਜਿਸ ਤਰ੍ਹਾਂ ਪੰਜਾਬ ਰਾਜਸਥਾਨ ਬਣਦਾ ਜਾ ਰਿਹਾ

ਰਾਸ ਗ਼ਮ ਕੀ ਆ ਗਿਆ ਤੈਥੋਂ ਵਿਛੁੰਨੇ ਜਾਣ ਦਾ
ਦਰਦ ਤੇਰੇ ਨਾਮ ਦਾ 'ਦੀਵਾਨ' ਬਣਦਾ ਜਾ ਰਿਹਾ

ਦੋਸਤੀ ਤੇ ਦੁਸ਼ਮਣੀ ਦੇ ਸਿਲਸਿਲੇ ਕੀ ਤੋੜੇ ਮੈਂ
ਜ਼ਿੰਦਗੀ ਦਾ ਹਰ ਸਫ਼ਰ ਆਸਾਨ ਬਣਦਾ ਜਾ ਰਿਹਾ

ਤੂੰ ਜਦੋਂ ਸੀ ਨਾਲ ਤੁਰਦਾ ਜਾਪਦਾ ਸੀ ਕੁਲ ਜਹਾਨ
ਤੇਰੇ ਬਿਨ ਹਰ ਰਾਹ ਰਸਤਾ ਹੀ ਵੀਰਾਨ ਬਣਦਾ ਜਾ ਰਿਹਾ

⁂

ਹਲਾਂ ਮੈਂ ਸਭ ਕੁੱਝ ਭੁਲ ਗਿਆ ਸੀ
ਅਤੀਤ ਪਰ ਨਾਲ ਆ ਰਿਹਾ ਸੀ

ਤੇਰਾ ਕਰਾਮਾਤ ਵਿਚ ਯਕੀਨ ਸੀ
ਮੇਰੀ ਸਿਰਫ਼ ਨਾਂ 'ਚ ਆਸਥਾ ਸੀ

ਇਹ ਹੋਰ ਗਲ ਹੈ ਮੈਂ ਪਰਤਿਆ ਨਾ
ਕਿਤੇ ਕੋਈ ਪਰ ਉਡੀਕਦਾ ਸੀ

ਹਰੇਕ ਰੰਗ ਉਘੜ ਪੈਂਦਾ ਉਸ 'ਤੇ
ਲਿਬਾਸ ਜੋ ਵੀ ਉਹ ਪਹਿਨਦਾ ਸੀ

ਉਹ ਹੋਰ ਦਾ ਬਣ ਗਿਆ ਪੁਜਾਰੀ
ਮੈਂ ਜਿਸ ਨੂੰ ਰਬ ਵਾਂਗ ਪੂਜਿਆ ਸੀ

ਨਿਖੜ ਕੇ ਤੈਥੋਂ ਮੈਂ ਜਾਣ ਸਕਿਆ
ਕਿ ਉਹ ਮੁਹੱਬਤ ਨਹੀਂ ਸ਼ੁਦਾ ਸੀ

ਕਿਵੇਂ ਨਾ ਕਰਦਾ ਨਿਰਾਸ਼ ਤੂੰ ਵੀ
ਤੇਰੇ 'ਤੇ ਇਤਵਾਰ ਜੋ ਬੜਾ ਸੀ

✵

ਤੇਰੀ ਵਿਦਾਈ ਦਾ ਇਕੱਲੇ ਜਸ਼ਨ ਜਾਂ ਕੀਤਾ
ਮੁੜ ਕੇ ਕਿਸੇ ਮਹਿਫ਼ਿਲ 'ਚ ਮੈਂ ਸ਼ਾਮਿਲ ਨਹੀਂ ਹੋਇਆ

ਭਾਵੇਂ ਭੁਲਾ ਦਿੱਤਾ ਏ ਮੈਂ ਹਰ ਇਕ ਸਿਤਮ ਉਸਦਾ
ਪਰ ਮੁਆਫ਼ ਮੈਂ ਉਸ ਸ਼ਖ਼ਸ ਨੂੰ ਅਜ ਵੀ ਨਹੀਂ ਕੀਤਾ

ਇਕ ਜ਼ਿਦ ਸੀ ਉਸਦੀ ਬਸ ਮੇਰਾ ਹੀ ਨਾ ਬਨਣ ਦੀ,
ਜਿਸਨੂੰ ਪਗਾਉਣ ਵਾਸਤੇ ਉਹ ਦਰ-ਬ-ਦਰ ਬੈਠਾ

ਫਿਰ ਛੁਪ ਕੇ ਇਕ ਦੂਏ ਤੋਂ ਘਰ ਦੇ ਰੋਣਗੇ ਸਭ ਜੀਅ
ਅਜ ਘਰ 'ਚ ਤੇਰਾ ਸਹਿ-ਸੁਭਾ ਫਿਰ ਜ਼ਿਕਰ ਹੈ ਤੁਰਿਆ

ਇਕ ਵਾਰ ਵੀ ਜੇ ਪਰਤ ਕੇ ਨਾ ਵੇਖਿਆ ਉਸਨੇ
ਉਸ ਮੋੜ ਉੱਤੇ ਦੇਰ ਤਕ ਮੈਂ ਵੀਂ ਨਹੀਂ ਰੁਕਿਆ

ਸਾਡੀ ਨਜ਼ਰ ਦੀ ਦੂਰ ਦੀ ਕਮਜ਼ੋਰ ਹੋ ਜਾਂਦੀ
ਇਹ ਵਹਿਮ ਹੈ ਕਿ ਵਕਤ ਸਾਰੇ ਜ਼ਖ਼ਮ ਭਰ ਦਿੰਦਾ

ਚਲ ਜ਼ਖ਼ਮ ਭਰ ਜਾਂਦੇ ਵੀ ਹੋਣੇ ਵਕਤ ਦੇ ਚਲਦੇ
ਨਾਸੂਰ ਹੈ ਤੇ ਹਿਕ 'ਚ ਹੈ ਉਹ ਕੀ ਭਲਾ ਸੁਕਣਾ

⁕

ਉਧਾਰੇ ਦੇ ਕੇ ਜੋ ਪਰ ਆਪਣੇ ਉਡਣਾ ਸਿਖਾਉਂਦਾ ਸੀ
ਮੈਂ ਸੁਣਿਆ ਹੈ ਕਿ ਖੰਨੇ ਵਿਚ ਅਜੇਹਾ ਵੀ ਪਰਿੰਦਾ ਸੀ

ਖ਼ਿਜ਼ਾਂ ਰੰਗੀਨ ਹੋ ਜਾਂਦੀ ਫ਼ਿਜ਼ਾ ਬੇਰੰਗ ਹੋ ਜਾਂਦੀ
ਮੇਰੇ ਮੌਸਮ ਬਦਲ ਜਾਂਦੇ ਜਦੋਂ ਉਹ ਯਾਦ ਆਉਂਦਾ ਸੀ

ਬਿਖ਼ਰ ਘਰ ਦੀ ਗਈ ਤਰਤੀਬ ਇਕ ਉਸਦੇ ਸੁਭਾ ਕਰਕੇ
ਉਹ ਨਾ ਤਾਂ ਆਪ ਜੀਂਦਾ ਸੀ ਨਾ ਸਾਨੂੰ ਜੀਣ ਦਿੰਦਾ ਸੀ

ਤੇ ਮੇਰੀ ਅੰਮੀ ਦਾ ਸਿਰ ਲਾਜ ਦੇ ਮਾਰੇ ਸੀ ਝੁਕ ਜਾਂਦਾ
ਜਾਂ ਕੋਈ ਪੁੱਛਦਾ ਕਿ ਰਾਤੀਂ ਥੋੜੇ ਕੌਣ ਰੋਂਦਾ ਸੀ

ਮੇਰੀ ਪਰਵਾਜ਼ ਦੀ ਸ਼ਾਹਦੀ ਅਜੇ ਵੀ ਭਰਨ ਉਹ ਰੁੱਤਾਂ
ਜਦੋਂ ਮੈਂ ਸਾਰੀ ਸਾਰੀ ਰਾਤ ਤਾਰੇ ਗਿਣਦਾ ਰਹਿੰਦਾ ਸੀ

ਖ਼ਣੀ ਕੀ ਗੱਲ ਸੀ ਜੋ ਘਰਦਿਆਂ ਤੋਂ ਚੋਰੀ ਚੋਰੀ ਉਹ
ਗ਼ੁਸਲਖ਼ਾਨੇ ਦਾ ਸ਼ਾਵਰ ਆਨ ਕਰਕੇ ਬਹੁਤ ਰੋਂਦਾ ਸੀ

✵

ਉਧਾਰੇ ਦੇ ਕੇ ਜੋ ਪਰ ਆਪਣੇ ਉਡਣਾ ਸਿਖਾਉਂਦਾ ਸੀ
ਮੈਂ ਸੁਣਿਆ ਹੈ ਕਿ ਖੰਨੇ ਵਿਚ ਅਜੇਹਾ ਵੀ ਪਰਿੰਦਾ ਸੀ

ਖ਼ਿਜ਼ਾਂ ਰੰਗੀਨ ਹੋ ਜਾਂਦੀ ਫ਼ਿਜ਼ਾ ਬੇਰੰਗ ਹੋ ਜਾਂਦੀ
ਮੇਰੇ ਮੌਸਮ ਬਦਲ ਜਾਂਦੇ ਜਦੋਂ ਉਹ ਯਾਦ ਆਉਂਦਾ ਸੀ

ਬਿਖ਼ਰ ਘਰ ਦੀ ਗਈ ਤਰਤੀਬ ਇਕ ਉਸਦੇ ਸੁਭਾ ਕਰਕੇ
ਉਹ ਨਾ ਤਾਂ ਆਪ ਜੀਂਦਾ ਸੀ ਨਾ ਸਾਨੂੰ ਜੀਣ ਦਿੰਦਾ ਸੀ

ਤੇ ਮੇਰੀ ਅੰਮੀ ਦਾ ਸਿਰ ਲਾਜ ਦੇ ਮਾਰੇ ਸੀ ਝੁਕ ਜਾਂਦਾ
ਜਾਂ ਕੋਈ ਪੁੱਛਦਾ ਕਿ ਰਾਤੀਂ ਥੋੜੇ ਕੌਣ ਰੋਂਦਾ ਸੀ

ਮੇਰੀ ਪਰਵਾਜ਼ ਦੀ ਸ਼ਾਹਦੀ ਅਜੇ ਵੀ ਭਰਨ ਉਹ ਰੁੱਤਾਂ
ਜਦੋਂ ਮੈਂ ਸਾਰੀ ਸਾਰੀ ਰਾਤ ਤਾਰੇ ਗਿਣਦਾ ਰਹਿੰਦਾ ਸੀ

ਖ਼ਣੀ ਕੀ ਗੱਲ ਸੀ ਜੋ ਘਰਦਿਆਂ ਤੋਂ ਚੋਰੀ ਚੋਰੀ ਉਹ
ਗ਼ੁਸਲਖ਼ਾਨੇ ਦਾ ਸ਼ਾਵਰ ਆਨ ਕਰਕੇ ਬਹੁਤ ਰੋਂਦਾ ਸੀ

*

ਮਹਿਫ਼ੂਜ਼ ਨਹੀਂ ਕੋਈ ਅਜ ਏਸ ਨਗਰ ਅੰਦਰ
ਦਹਿਸ਼ਤ ਦਾ ਪਸਾਰਾ ਹੈ ਹਰ ਇੱਕ ਨਜ਼ਰ ਅੰਦਰ

ਨੈਣਾਂ ਵਿਚ ਸਿਲ੍ਹ ਚਮਕੀ, ਸਭ ਜ਼ਖ਼ਮ ਹਰੇ ਹੋਏ
ਸੌ ਦਰਦ ਛੁਪੇ ਤੇਰੇ ਆਉਣੇ ਦੀ ਖ਼ਬਰ ਅੰਦਰ

ਤੂੰ ਬਣਿਆ ਬਿਗਾਨਾ ਕੀ, ਸਭ ਰੰਗ ਧੁਆਂਖੇ ਗਏ
ਰੁਤ ਫਿਰ ਨਾ ਵੜੀ ਕੋਈ ਮੁੜ ਕੇ ਇਸ ਦਰ ਅੰਦਰ

ਇਸ ਘਰ ਦੇ ਦਰੋ ਦਰ ਸਭ, ਚੁੱਪਾਂ ਨੇ ਈ ਖਾ ਲੈਣੈ
ਇਕ ਖ਼ੌਫ਼ ਛੁਪੀ ਬੈਠਾ ਹਰ ਇੱਕ ਨਜ਼ਰ ਅੰਦਰ

ਮੰਜ਼ਲ ਬਣ ਸਕਿਆ ਨਾ ਪਰ ਤੇਰੀ ਤਰ੍ਹਾਂ ਕੋਈ
ਆਏ ਤਾਂ ਪੜਾਅ ਲੱਖਾਂ ਜੀਵਨ ਦੇ ਸਫ਼ਰ ਅੰਦਰ

✵

ਇਕ ਤੇਰੇ ਜਾਣ ਮਗਰੋਂ ਦੋਵੇਂ ਜਹਾਨ ਬਦਲੇ
ਬਦਲੇ ਗਰੰਥ ਮੇਰੇ, ਮੇਰੇ ਕੁਰਾਨ ਬਦਲੇ

ਹਰ ਇੱਕ ਸ਼ੈ ਦੇ ਅੰਦਰ ਖ਼ੁਸ਼ਬੂ ਵਸੀ ਸੀ ਤੇਰੀ
ਮੈਂ ਚੈਨ ਲੱਭਦੇ ਨੇ ਕਿੰਨੇ ਮਕਾਨ ਬਦਲੇ

ਮੂਰਖ਼ ਹੈ ਕੋਈ ਤਾਜਰ, ਸ਼ਾਤਰ ਜਾਂ ਲੋੜੋਂ ਜ਼ਿਆਦਾ
ਜੋ ਜ਼ਾਮਨੀ ਪਰਾਂ ਦੀ ਮੰਗੇ ਉਡਾਨ ਬਦਲੇ

ਹੁਣ ਪੁਸਤਕਾਂ ਘਰਾਂ ਵਿਚ ਕਿਧਰੇ ਹੀ ਮਿਲਦੀਆਂ ਨੇ
ਹੁਣ ਸਭ ਦੇ ਸ਼ੌਂਕ ਬਦਲੇ, ਸਭ ਦੇ ਰੁਝਾਨ ਬਦਲੇ

ਇਸ ਵਿਚ ਹੀ ਬਿਹਤਰੀ ਹੈ, ਇਹ ਰਾਜ਼ ਰਾਜ਼ ਹੀ ਰਖ
ਕੀ ਮੁੱਲ ਹੈ ਚੁਕਾਇਆ ਮੈਂ ਇਸ ਦੀਵਾਨ ਬਦਲੇ

✯

ਦਿਸ ਰਿਹਾ ਨਾ ਇਹ ਜੋ ਘਰ ਢਹਿਆ ਜਿਹਾ
ਮੇਰਾ ਬਚਪਨ ਏਸ ਥਾਂ ਸੀ ਗੁਜ਼ਰਿਆ

ਛਡ ਗਏ ਨੂੰ ਸੋਚ ਕੇ ਮੈਂ ਬਿਖ਼ਰਿਆ
ਜਿਉਂ ਉਡਾ ਕੇ ਲੈ ਗਈ ਪੱਤੇ ਹਵਾ

ਦਿਨ ਸਕੂਲਾਂ ਦੇ ਕਰੇਗਾ ਯਾਦ ਜਦ
ਆਉਣਗੇ ਸਭ ਯਾਦ ਇਕ ਮੇਰੇ ਸਿਵਾ

ਰੋ ਪਿਆ ਉਹ ਆਖਦਾ 'ਛਡ ਨਾ ਦਈਂ'
ਹੈ ਤਿਰਾ ਦਾਮਨ ਜਿਵੇਂ ਅਜ ਛੁਟ ਰਿਹਾ

ਚੜ੍ਹ ਰਿਹਾ ਸੂਰਜ ਨਜ਼ਾਰਾ ਸਭ ਲਈ
ਵੇਖਦਾ ਸੂਰਜ ਨਾ ਕੋਈ ਛਿਪ ਰਿਹਾ

ਦਿਲ 'ਚ ਬਣ ਕੇ ਚੁਪ ਕਿਤੇ ਬਹਿ ਜਾਵਾਂਗਾ
ਯਾਦ ਆਵਾਂਗਾ ਬਹੁਤ ਹੋ ਕੇ ਜੁਦਾ

ਸ਼ਖ਼ਸ ਇਕ 'ਖੰਨੇ' 'ਚ ਸੁਣਿਆ ਅੱਜ ਵੀ
ਉਡ ਗਏ ਰੰਗਾਂ ਦੇ ਪਿੱਛੇ ਦੌੜਦਾ

✵

ਸਹਿਜੇ ਬਚਾ ਲਿਆਏ ਹਰ ਭੰਵਰ 'ਚੋਂ ਸ਼ਿਕਾਰੇ
ਡੁੱਬੇ ਵੀ ਆ ਕੇ ਕਿੱਥੇ ਜਦ ਪੁਜ ਗਏ ਕਿਨਾਰੇ

ਜਦ ਤਕ ਰਿਹਾ ਘਰੇ ਤੂੰ, ਹਰ ਦਿਨ ਬਹਾਰ ਹੀ ਸੀ
ਤੂੰ ਓਪਰਾ ਕੀ ਬਣਿਆ, ਉਡ ਗਏ ਨੇ ਰੰਗ ਸਾਰੇ

ਉਸ ਵਕਤ ਕੀ ਕਹੇਂਗਾ ਜਿਸ ਵਕਤ ਲੋਕ ਤੈਨੂੰ
ਆ ਆ ਦਰਾਂ 'ਤੇ ਤੇਰੇ, ਪੁੱਛਣਗੇ ਮੇਰੇ ਬਾਰੇ

ਬਸ ਚੇਤਿਆਂ 'ਚ ਮੇਰੇ ਉਕਰੇ ਗਏ ਉਦੋਂ ਤੋਂ
'ਕੱਠੇ ਬਿਤਾਏ ਦਿਨ ਉਹ ਜਿਸ ਦਿਨ ਤੋਂ ਤੂੰ ਵਿਸਾਰੇ

ਲਿਖ ਕੇ ਖ਼ਿਜ਼ਾਂ ਓਸੇ ਦੇ ਮੱਥੇ ਤੇ ਹਸ ਰਹੀ ਏਂ
ਜਿਸ ਨੇ ਤੇਰੀ ਹਿਨਾ 'ਤੇ ਸਭ ਰੰਗ ਅਪਣੇ ਵਾਰੇ

ਹਾਸਿਲ ਮੇਰੇ ਸਫ਼ਰ ਦਾ ਬਾਜ਼ੀ ਬਣੀ ਰਹੀ ਉਹ
ਭਾਵੇਂ ਕਿ ਖੇਡਦੇ ਨੇ ਯੱਕੇ ਮੈਂ ਚਾਰੋ ਹਾਰੇ

*

ਸਮਝ ਨਜ਼ਾਕਤ ਵਕਤ ਦੀ ਅੜਿਆ ਉਮਰਾ ਹੈ ਅਣਭੋਲ
ਰਿਸ਼ਤੇ ਟੁਟਦੇ ਪਲ ਨਾ ਲਗਦਾ ਮਾਰ ਨਾ ਮੰਦੜੇ ਬੋਲ

ਬੋਲ ਜ਼ੁਬਾਨੋਂ ਨਿਕਲੇ ਚਲ ਹੁਣ ਉਹ ਤਾਂ ਮੁੜ ਸਕਣੇ ਨਾ
ਕੱਚ ਬਰਾਬਰ ਰਖ ਕੇ ਪਰ ਇਉਂ ਮੋਤੀ ਤਾਂ ਨਾ ਤੋਲ

ਤੋਲ ਨਾ ਮੇਰਾ ਪਿਆਰ ਸ਼ਰੀਕਾਂ ਦੇ ਵਸ ਪੈ ਕੇ, ਸੁਣ ਲੈ
ਸਿਰ ਦੇ ਕੇ ਵੀ ਬੋਲਾਂ ਦਾ ਮੈਂ ਯਾਰ ਚੁਕਾਵਾਂ ਮੋਲ

ਮੋਲ ਲਗਾਉਂਨੈ ਕਿਉਂ ਯਾਰੀ ਦਾ ਕਿਉਂ ਸ਼ੱਕਾਂ ਵਿਚ ਘਿਰਦੈਂ
ਯਾਰ ਪੁਰਾਣੇ ਛਡ ਕੇ ਜਾਵੇਂ ਕਿਉਂ ਗ਼ੈਰਾਂ ਦੇ ਕੋਲ

ਕੋਲ ਤੇਰੇ ਛਿੱਲੜ ਨੇ ਜਦ ਤਕ ਸਾਰੇ ਤੇਰੇ ਅਪਣੇ
ਨਾਲ ਖੜ੍ਹੇ ਨਾ ਕੋਈ ਪਰ ਜਦ ਖਾਲੀ ਹੋਵੇ ਝੋਲ

ਝੋਲ 'ਚ ਕੰਡੇ ਪਾਉਣ ਵਾਲਿਆ ਮੁੜ ਕੇ ਤਰਲਾ ਕਰਦਾਂ
ਵਕਤ ਗਿਆ ਨਾ ਮੁੜ ਕੇ ਆਉਣਾ ਮਾਰ ਨਾ ਮੰਦੜੇ ਬੋਲ

✵

ਮੈਂ ਜਾਣਦਾ ਸੀ ਹਾਲੇ, ਇਹ ਵੀ ਅਜ਼ਾਬ ਆਉਣੇ
ਪਤਝੜ ਦੀ ਰੁੱਤ ਅੰਦਰ, ਫੁੱਲਾਂ ਦੇ ਖ਼ਾਅਬ ਆਉਣੇ

ਘਰ ਬਹਿ ਕੇ ਲਿਖ ਹੀ ਸਕਦਾ, ਉਹ ਐਸਾ ਸੁਖ਼ਨਵਰ ਹੈ
ਉਸ ਨੂੰ ਨਾ ਮਹਿਫ਼ਲਾਂ ਦੇ ਅਦਬੋ-ਅਦਾਬ ਆਉਣੇ

ਤੂੰ ਮੂੰਹ 'ਤੇ ਹੋਰ ਹੁੰਨੈ, ਪਿੱਠ ਪਿੱਛੇ ਹੋਰ ਹੁੰਨੈ
ਅਪਣੀ ਨਾ ਸਮਝ ਅੰਦਰ ਤੇਰੇ ਹਿਸਾਬ ਆਉਣੇ

ਬਿਸਮਿੱਲਾ ਹੈ ਅਜੇ ਤਾਂ, ਛੇਤੀ ਹੀ ਡੋਲ ਗਇਓਂ
ਮੌਸਮ ਅਜੇ ਤਾਂ ਇਸ ਤੋਂ ਕਿਧਰੇ ਖ਼ਰਾਬ ਆਉਣੇ

ਹਾਰਾਂ ਦੀ ਚਾੜ੍ਹ ਭੇਟਾਂ, ਸੋਚਾਂ 'ਚ ਪੈ ਗਏ ਨੇ
ਨਾ ਜਾਣੇ ਟ੍ਹਾਣੀਆਂ 'ਤੇ ਮੁੜ ਕਦ ਗ਼ੁਲਾਬ ਆਉਣੇ

✵

ਚੁੰਧਿਆ ਰਹੀ ਅੱਖਾਂ ਨੂੰ ਇਕ ਰੰਗੀਨ ਸ਼ਾਮ ਸੀ
ਸਾਡੇ ਲਈ ਤਾਂ ਰੋਜ਼ ਵਾਂਗਰ ਹੀ ਉਹ ਆਮ ਸੀ

ਸਾਰੇ ਦਰੀਚੇ ਦੀਵਿਆਂ ਸੰਗ ਸੀ ਸਜੇ ਮਗਰ
ਸਾਡੇ ਬਨੇਰੇ 'ਤੇ ਹਨ੍ਹੇਰੇ ਦਾ ਨਿਜ਼ਾਮ ਸੀ

ਚੁਪਚਾਪ ਹੰਝੂ ਦੀਦਿਆਂ 'ਚੋਂ ਪੂੰਝਦੇ ਰਹੇ
ਉਸ ਦਿਨ ਪਤਾ ਲੱਗਾ ਅਸੀਂ ਸਚਮੁਚ ਹੀ ਆਮ ਸੀ

ਅਪਣੇ ਹੀ ਸ਼ਹਿਰ ਵਿੱਚ ਨਾ ਢੋਈ ਮਿਲੀ ਕਿਤੇ
ਉਸ ਰਾਤ ਸਾਡਾ ਸੜਕ 'ਤੇ ਹੀ ਤਾਂ ਮੁਕਾਮ ਸੀ

ਉਹ ਰਾਤ ਦੀਵਾਲੀ ਦੀ ਨਿਬੜੀ ਯਾਦਗ਼ਾਰ ਬਣ
ਕਿੱਸੇ ਤਰ੍ਹਾਂ ਸਭ ਬੁੱਲ੍ਹਾਂ 'ਤੇ ਸਾਡਾ ਹੀ ਨਾਮ ਸੀ

✵

ਆਮ ਚਰਚਾ ਅੱਜ-ਕਲ੍ਹ, ਘਰ-ਘਰ ਇਹੋ ਖੰਨੇ 'ਚ ਹੈ
ਦਿਨ ਬਦਿਨ ਦੀਵਾਰ ਵਧਦੀ ਜਾ ਰਹੀ ਅਪਣੇ 'ਚ ਹੈ

ਮੁੱਖ ਤੋਂ ਫ਼ਿਲਹਾਲ ਕੇਵਲ ਸਰਕਿਆ ਹੀ ਹੈ ਨਕਾਬ
ਕੀ ਪਤਾ, ਕਿਸਨੂੰ ਪਤਾ, ਕੀ ਕੀ ਅਜੇ ਪਰਦੇ 'ਚ ਹੈ

ਫੇਰ ਵੇਖਾਂਗਾ ਕਦੇ, ਕਿੰਨੇ ਕੁ ਬਦਲੇ ਨੇ ਹਲਾਤ
ਹਾਲ ਤਾਂ ਬਸ ਅਖ ਮੇਰੀ ਬਦਲੇ ਤੇਰੇ ਚਿਹਰੇ 'ਚ ਹੈ

ਹੁਣ ਸਫ਼ਰ ਵਿਚ ਫ਼ਿਕਰ ਨਾ ਵਖ ਹੋਣ ਦਾ ਤੈਨੂੰ ਰਿਹਾ
ਸ਼ਖ਼ਸ ਕੋਈ ਹੋਰ ਵੀ ਲਗਦਾ ਤੇਰੇ ਰਸਤੇ 'ਚ ਹੈ

ਉਹਦੇ ਨੈਣਾਂ 'ਚੋਂ ਦਿਸਣ ਜੋ ਹੋਰ ਹੀ ਕੁਛ ਤਾਸਰਾਤ
ਸਾਫ਼ ਜ਼ਾਹਿਰ ਹੈ ਕਿ ਉਹ ਅਜ ਹੋਰ ਦੇ ਕਹਿਣੇ 'ਚ ਹੈ

ਵੇਖ ਬਿਖ਼ਰੀ ਚਾਨਣੀ, ਹੈ ਸ਼ੌਕ ਤੇਰੇ ਹੀ ਅਜ਼ੀਜ਼
ਮੇਰੀ ਤਾਂ ਅਖ ਸਰਘੀ ਦੇ ਉਸ ਡੁਬ ਰਹੇ ਤਾਰੇ 'ਚ ਹੈ

✵

ਇੱਕ ਉਡੀਕ ਸਦੀਵੀ ਹੋਣੀ ਅੱਖਾਂ ਵਿਚ
ਅਜ ਵੀ ਮੈਨੂੰ ਲਭਦੀ ਹੋਣੀ ਰਾਹਵਾਂ ਵਿਚ

ਅਜ ਵੀ ਅਪਣੇ ਜਿਹੀਆਂ ਗੱਲਾਂ ਕਰਦੀ ਹੋਣੀ
ਨਾ ਵੇ ! ਜੀਵਨ ਹੁੰਦਾ ਏਨ੍ਹਾਂ ਫੁੱਲਾਂ ਵਿਚ

ਵਾਹਿਆ ਹੋਣਾ ਜ਼ਿਲਦਾਂ ਉਤੇ ਇਕਉਕਾਂਰ
ਅਜ ਵੀ ਰਖਦੀ ਹੋਣੀ ਖੰਭ ਕਿਤਾਬਾਂ ਵਿਚ

ਅਜ ਵੀ ਓਵੇਂ ਹਸਦੀ ਹੋਣੀ ਸ਼ਰਮਾ ਕੇ
ਅਜ ਵੀ ਪੈਂਦੇ ਹੋਣੇ ਟੋਏ ਗੱਲ੍ਹਾਂ ਵਿਚ

ਮੇਰੇ ਨਾਂ ਦਾ ਪਹਿਲਾ ਅੱਖਰ ਲੀਕਾਂ ਦਾ
ਬਣਦਾ ਹੋਣਾ ਅਜ ਵੀ ਉਹਦੇ ਹੱਥਾਂ ਵਿਚ

ਛਿੰਦਾ ਮੁੰਡਾ ਆਮ ਜਿਹਾ ਇਕ ਖੰਨੇ ਦਾ
ਅਜ ਵੀ ਆਉਂਦਾ ਹੋਣਾ ਉਸਦੇ ਖ਼ਾਬਾਂ ਵਿਚ

✵

ਇੱਕ ਉਡੀਕ ਸਦੀਵੀ ਹੋਣੀ ਅੱਖਾਂ ਵਿਚ
ਅਜ ਵੀ ਮੈਨੂੰ ਲਭਦੀ ਹੋਣੀ ਰਾਹਵਾਂ ਵਿਚ

ਅਜ ਵੀ ਅਪਣੇ ਜਿਹੀਆਂ ਗੱਲਾਂ ਕਰਦੀ ਹੋਣੀ
ਨਾ ਵੇ ! ਜੀਵਨ ਹੁੰਦਾ ਏਨ੍ਹਾਂ ਫੁੱਲਾਂ ਵਿਚ

ਵਾਹਿਆ ਹੋਣਾ ਜ਼ਿਲਦਾਂ ਉਤੇ ਇਕਉਕਾਂਰ
ਅਜ ਵੀ ਰਖਦੀ ਹੋਣੀ ਖੰਭ ਕਿਤਾਬਾਂ ਵਿਚ

ਅਜ ਵੀ ਓਵੇਂ ਹਸਦੀ ਹੋਣੀ ਸ਼ਰਮਾ ਕੇ
ਅਜ ਵੀ ਪੈਂਦੇ ਹੋਣੇ ਟੋਏ ਗੱਲ੍ਹਾਂ ਵਿਚ

ਮੇਰੇ ਨਾਂ ਦਾ ਪਹਿਲਾ ਅੱਖਰ ਲੀਕਾਂ ਦਾ
ਬਣਦਾ ਹੋਣਾ ਅਜ ਵੀ ਉਹਦੇ ਹੱਥਾਂ ਵਿਚ

ਛਿੰਦਾ ਮੁੰਡਾ ਆਮ ਜਿਹਾ ਇਕ ਖੰਨੇ ਦਾ
ਅਜ ਵੀ ਆਉਂਦਾ ਹੋਣਾ ਉਸਦੇ ਖ਼ਾਬਾਂ ਵਿਚ

*

ਅੱਠ ਪਹਿਰ, ਛੇ ਰੁੱਤਾਂ, ਚਾਰ ਦਿਸ਼ਾਵਾਂ ਵਿਚ
ਕੌਣ ਘੁਲੀ ਹੈ ਬੈਠਾ ਸਾਰੇ ਰੰਗਾਂ ਵਿਚ

ਹਸਦਾ ਹੋਣਾ ਬੈਠ ਕਿਤੇ ਹੀ ਉਰੇ-ਪਰ੍ਹੇ
ਆਈ ਹੈ ਜੋ ਖੁਸ਼ਬੂ ਉਸਦੀ ਫੁੱਲਾਂ ਵਿਚ

ਸਾਰੇ ਫੋਲ ਰਹੇ ਨੇ ਮੇਰਾ ਚਿਹਰਾ ਕਿਉਂ
ਕਿਸਦਾ ਚਿਹਰਾ ਢਲਿਐ ਮੇਰੇ ਨਕਸ਼ਾਂ ਵਿਚ

ਤ੍ਰਿੰਝਣ ਸੁੰਨਾ, ਜਾਪਣ ਪਿੱਪਲ ਵੀ ਗੁੰਮਸੁੰਮ
ਕੋਈ ਨਦਾਰਦ ਲਗਦੈ ਜੀਂਕਣ ਤੀਆਂ ਵਿਚ

ਜਾਣ ਸਮੇਂ ਤਾਂ ਹੋਠਾਂ 'ਤੇ ਮੁਸਕਾਨ ਰਹੀ
ਪਰ ਹੁਣ ਮਿਲਣ ਸਮੇਂ ਸੀ ਹੰਝੂ ਅੱਖਾਂ ਵਿਚ

ਰੌਣਕ ਮੁਖ ਦੀ ਪਹਿਲੀ ਕਿਸ ਥਾਂ ਧਰ ਆਏ
ਹਸਦਾ ਚਿਹਰਾ ਰਹਿ ਗਿਆ ਬਸ ਤਸਵੀਰਾਂ ਵਿਚ

✯

ਰਿਸ਼ਤਾ ਚਿਰਾਂ ਦਾ ਕੋਈ ਵੀ ਬਚਿਆ ਨਹੀਂ ਰਹਿਣਾ
ਇਕ ਮੋੜ 'ਤੇ ਆ ਕੇ ਕੋਈ ਅਪਣਾ ਨਹੀਂ ਰਹਿਣਾ

ਉਹ ਚੁੱਕ ਸਕਦਾ ਤੇਗ਼ ਵੀ, ਇੰਨਾ ਰਹੇ ਚੇਤਾ
ਉਸਦੇ ਲਬਾਂ 'ਤੇ ਦੇਰ ਤਕ ਸਜਦਾ ਨਹੀਂ ਰਹਿਣਾ

ਅਜ ਦੌੜਦਾ ਏ ਜੋ ਰਗਾਂ ਅੰਦਰ ਲਹੂ ਬਣ ਬਣ
ਕਲ੍ਹ ਸ਼ਖ਼ਸ ਏਹੋ ਹੀ ਤੇਰਾ ਅਪਣਾ ਨਹੀਂ ਰਹਿਣਾ

ਤੂੰ ਵੀ ਬਦਲ ਕੇ ਆ ਗਿਆ ਜੇ ਯਾਦ ਰੱਖੀਂ ਫਿਰ
ਮੈਂ ਵੀ ਮਿਲਣ ਦੇ ਵਕਤ ਉਹ ਪਹਿਲਾ ਨਹੀਂ ਰਹਿਣਾ

ਬੇਸ਼ੱਕ ਹੰਢਣਗੇ ਅੰਤ ਤਕ ਰਿਸ਼ਤੇ ਬੁਣੇ ਹੋਏ
ਲੇਕਿਨ ਕਿਸੇ ਦਾ ਰੰਗ ਵੀ ਗੂੜ੍ਹਾ ਨਹੀਂ ਰਹਿਣਾ

ਹਰ ਵਾਂਗ ਹੀ ਏਥੋਂ ਵੀ ਮਨ ਉਪਰਾਮ ਹੋ ਜਾਣਾ
ਇਸ ਘਰ 'ਚ ਵੀ ਤੂੰ ਦੇਰ ਤਕ ਟਿਕਿਆ ਨਹੀਂ ਰਹਿਣਾ

✵

ਇਨ੍ਹਾਂ ਭੀੜਾਂ ਤੋਂ ਕੋਈ ਦੂਰ ਕਿੰਨਾ ਵੀ ਖਲੋਏ
ਮਗਰ ਦਾਮਨ 'ਤੇ ਲੱਗੇ ਦਾਗ਼ ਨਾ ਜਾਂਦੇ ਲਕੋਏ

ਹਜ਼ਾਰਾਂ ਭਟਕਿਆਂ ਨੂੰ ਉਹ ਪਨਾਹ ਦਿੰਦਾ ਰਿਹਾ ਸੀ
ਮਗਰ ਉਸਦੇ ਹੀ ਰਾਹ ਅਪਣੇ ਕਦੇ ਸਾਵੇਂ ਨਾ ਹੋਏ

ਜੁਦਾ ਤਾਂ ਹੋ ਗਏ ਇਕ ਦੂਸਰੇ ਤੋਂ ਹੱਸ ਕੇ ਪਰ
ਜ਼ਰਾ ਕੁ ਦੂਰ ਜਾ ਕੇ ਹੋ ਕੇ ਉਹਲੇ ਖ਼ੂਬ ਰੋਏ

ਕੋਈ ਆਖ਼ਰ ਕਦੋਂ ਤਕ ਡਰ ਕੇ ਮਨ ਦੇ ਸ਼ੋਰ ਕੋਲੋਂ
ਇਨ੍ਹਾਂ ਭੀੜਾਂ 'ਚ ਜਾ ਕੇ ਅਜਨਬੀ ਵਾਂਗੂੰ ਖਲੋਏ

ਜਿਵੇਂ ਸਭ ਹਾਦਸੇ ਇਕ ਹਾਦਸੇ ਨੂੰ ਹੀ ਉਡੀਕਣ
ਤੇਰੇ ਮਗਰੋਂ ਇਵੇਂ ਤਾਂ ਹਾਦਸੇ ਇਸ ਘਰ 'ਚ ਹੋਏ

*

ਜੱਗ ਸ਼ਰੀਕਾ ਲੁਕ ਲੁਕ ਹੱਸਣ ਲੱਗਾ ਏ
ਬਾਹਰ ਦੂਜਾ ਦਰਵਾਜ਼ਾ ਲੱਗਣ ਲੱਗਾ ਏ

ਰਜ ਕੇ ਤਕ ਲੈ ਖੜ੍ਹ ਕੇ ਸਾਂਝੇ ਆਂਙਣ ਵਿਚ
ਅਪਣਾ ਅੰਤਿਮ ਸੂਰਜ ਡੁੱਬਣ ਲੱਗਾ ਏ

ਅਪਣੇ ਨਾਲ ਨਾ ਰੱਖਣ ਦੀ ਤੰਗੀ ਦਸ ਕੇ
ਛੋਟਾ ਮਾਂ ਦੀ ਮਰਜ਼ੀ ਪੁੱਛਣ ਲੱਗਾ ਏ

ਕਿਧਰੋਂ ਤਾਜ਼ੀ ਠੋਕਰ ਖਾਧੀ ਲਗਦੀ ਏ
ਉਹ ਗਲ ਗਲ 'ਤੇ ਅਜ ਕਲ੍ਹ ਹੱਸਣ ਲੱਗਾ ਏ

ਖ਼ਬਰੇ ਕਿਸ ਕਿਸ ਰਿਸ਼ਤੇ ਨਾਲੋਂ ਤੋੜੇਗਾ
ਇਕ ਰਿਸ਼ਤਾ ਜੋ ਮਨ ਵਿਚ ਮੌਲਣ ਲੱਗਾ ਏ

✵

ਚੇਤੇ ਦਾ ਸੂਰਜ ਵੀ ਡੁੱਬਣ ਲੱਗਾ ਏ
ਸਹਿਜੇ ਸਹਿਜੇ ਸਭ ਕੁਝ ਭੁੱਲਣ ਲੱਗਾ ਏ

ਤੇਰੀ ਆਮਦ ਵਿਚ ਵੀ ਕਿੰਨੀ ਬਰਕਤ ਏ
ਕੋਨਾ ਕੋਨਾ ਘਰ ਦਾ ਮਹਿਕਣ ਲੱਗਾ ਏ

ਤੇਰੀ ਜ਼ਿਦ ਤੋਂ ਉਸਦਾ ਸਿਦਕ ਕਿਤੇ ਵੱਡਾ
ਤੇਰੇ ਦਰ ਜੋ ਉਮਰਾਂ ਟੇਕਣ ਲੱਗਾ ਏ

ਧੁਰ ਸੀ ਆਸ-ਬਿਰਖ਼ ਜੋ ਤੇਰੇ ਪਰਤਣ ਦਾ
ਹੁਣ ਤਾਂ ਪੁੱਤਰਾ ਉਹ ਵੀ ਸੁੱਕਣ ਲੱਗਾ ਏ

ਹਿਜਰਤ ਵੇਲੇ ਖ਼ਬਰੇ ਕਿਹੜਾ ਕਹਿਰ ਢਹੇ
ਮੇਰਾ ਮਨ ਹੁਣ ਤੋਂ ਹੀ ਡੋਲਣ ਲੱਗਾ ਏ

ਜਿਸਦੀ ਭਾਲ ਰਹੀ ਉਹ ਮੰਜ਼ਿਲ ਹੀ ਨਾ ਮਿਲੀ
ਹੁਣ ਤਾਂ ਬਸ ਰਸਤਾ ਵੀ ਮੁੱਕਣ ਲੱਗਾ ਏ

## ਅੰਤਿਕਾ....

ਕੋਈ ਤਾਂ ਦੋਹਾਂ ਵਿੱਚੋਂ ਇਹ ਤੈਹਾਂ ਫੋਲ ਸਕਦਾ
ਜਾਂ ਤੂੰ ਹੀ ਬੁੱਝ ਸਕਦਾ, ਜਾਂ ਮੈਂ ਹੀ ਬੋਲ ਸਕਦਾ

✳

ਚਿਰਾਂ ਤੋਂ ਲੈਂਪ ਉਹ ਬੁਝਿਆ ਪਿਆ ਹੈ, ਧੂਲ ਚਟਦਾ ਹੈ
ਕਦੇ ਤੂੰ ਸਭ ਤੋਂ ਪਹਿਲਾਂ ਆਉਂਦੇ ਹੀ ਜਿਸਨੂੰ ਜਗਾਉਂਦਾ ਸੀ

✳

ਖ਼ਣੀ ਕਿੱਥੇ ਪਨਾਹ ਲੈਂਦੇ ਉਨ੍ਹਾਂ ਨਗਰਾਂ ਦੇ ਬੇਘਰ ਲੋਕ
ਜਿਨ੍ਹਾਂ ਨਗਰਾਂ 'ਚ ਕੁਝ ਚਿਰ ਤਕ ਦਸੰਬਰ ਠਹਿਰ ਜਾਂਦਾ ਏ

✳

ਨਾ ਸੁਖ਼ਮਨੀ, ਅੰਜੀਲ 'ਚੋਂ ਮਿਲਿਆ ਨਾ ਗੀਤਾ 'ਚੋਂ
ਉਹ ਧੀਰ ਬਸ ਜਿਹੜਾ ਕਿ ਤੇਰੇ ਨਾਮ ਭਰ 'ਚ ਸੀ

✳

ਮੈਂ ਖ਼ਾਬਾਂ ਨਾਲ ਇਸ ਹਦ ਤੀਕ ਵੀ ਮੋਹ ਪਾਲੇ ਹੋਏ ਸੀ
ਕਿ ਜੋ ਵੀ ਟੁੱਟਿਆ, ਅੱਖਾਂ 'ਚ ਰਹਿ ਰਹਿ ਚੁਭਣ ਵਾਲਾ ਸੀ

✳

ਅਜਬ ਮੁਲਾਕਾਤ ਹੈ ਨਾ ਅਪਣੀ
ਕਿ ਕੋਈ ਤੀਜਾ ਮਿਲਾ ਰਿਹਾ ਏ

✳

ਅਸੀਂ ਇਕ ਦੂਜੇ ਨੂੰ ਅਜਮਾਉਂਦੇ ਏਨੇ ਖੋਟੇ ਹੋ ਨਿਬੜੇ
ਕਿਤੇ ਮਿਲੀਏ ਤਾਂ ਦੋਹਾਂ ਦੀ ਹੀ ਪੈਰਾਂ ਵਿਚ ਨਜ਼ਰ ਹੋਵੇ

✳

ਸਾਰਿਆਂ ਦੇ ਮਨ ਸੁਬ੍ਹਾ ਤੋਂ ਹੀ ਪਏ ਨੇ ਡੋਲਦੇ
ਅੱਜ ਫਿਰ ਤੂੰ ਸਾਰਿਆਂ ਦੇ ਸੁਪਨਿਆਂ ਵਿਚ ਆਏਂਗਾ

✳

ਆ ਰਲ ਕੇ ਯਾਦਾਂ ਦੀਆਂ ਵਲਗਣਾਂ 'ਚੋਂ ਹੁਣ ਰਿਹਾ ਹੋਈਏ
ਦਿਲਾਂ ਤੋਂ ਭਾਰ ਸਾਰੇ ਲਾਹ ਕੇ ਚਲ ਹਸ ਕੇ ਜੁਦਾ ਹੋਈਏ